ੴ

ਅਪ੍ਰੈਲ 2008

ਅੰਮ੍ਰਿਤ ਕੀਰਤਨ

Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Sada-e-Rooh Embalms The Souls

The second in the series, Sada-e-Rooh 2008 by Prof. Dr. Jagir Singh touched the hearts of everyone who attended the most looked-forward to programme of our Club.

Thanks to IPP Rtn. Man Mohan Singh, who had initiated this programme last year. Dr. Jagir Singh agreed to herald Basant, and embalm the souls with Sufi recitals from Gurbani.

The evening was jointly organised by the Rotary Club with the Inner Wheel Club of Chandigarh.

Dr. Jagir Singh who is an accomplished musicologist and has been honoured by the Sangeet Natak Akademi with the National Award, enthralled everyone with his opening presentation in Raag Basant.

He sang the shabads of Guru Nanak Dev Ji and Guru Gobind Singh Ji, and on special request, rendered the prayer "Karuna mein" in most melodious voice, and ended the programme with another sufi rendering in raag Chanderkons.

Among the special guests in the evening included the famous Punjabi singer, Dolly Guleria and her husband Col. S. S. Guleria along with several other prominent citizens.

Rtn. Dr. H. S. Cooner of Rotary Club of Mill Hill, UK, who has been instrumental in joining hands with our Club for Rotary Foundation matching grant projects of providing 10 dental chairs to the Institute of Dental Studies, last year, also joined in the evening programme along with some of his friends and relatives.

Earlier IPP Man Mohan Singh introduced the guest of honour of the evening.

PDG Kawal Bedi in her inimitable style thanked Dr. Jagir Singh and his troupe.

President Arvind Mehan in chaste Panjabi made a touching remark that he has learnt the lessons of humility from the bani of Guru Nanak, and wished that the evening programme could have continued forever.

It was a full-house and the winter evening was rightfully rounded off with langar organised by Inner Wheel Club of Chandigarh, thanks to the efforts of Babbi Harbhajan Singh, which was served with served with extreme love and care.

Courtesy 'Rotary Open Hand' Bulletin

ੴ ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 4 ◆ ਸਾਲ ਵੀਹਵਾਂ ◆ ਅਪ੍ਰੈਲ 2008

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ △ ਸ. ਉੱਤਮ ਸਿੰਘ

▲ ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟਰੱਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/05.05.2004 valid upto 31.03.2007

ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਚਿੱਠੀ ਪੱਤਰ, ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com

Computer Type Setting
Sohal specials Phone: 98145 25351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼
ਐਸ.ਸੀ.ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ

ਇਸ ਅੰਕ ਵਿਚ

ਮਿਤ੍ਰ ਅਸਾਡੜੇ ਸੇਈ

♦ ਆਪ ਦੀ ਸੇਵਾ, ਲਗਨ ਅਤੇ ਭਾਵਨਾ ਨੂੰ ਆਪਦੀ ਪਤ੍ਰਿਕਾ ਰਾਹੀਂ ਸਮਝ ਕੇ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਅਕਾਲ ਪੁਰਖ ਆਪਨੂੰ, ਪਰਿਵਾਰ ਨੂੰ ਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਤੰਦਰੁਸਤੀ ਬਖਸ਼ੇ ਤਾਂ ਜੋ ਆਪ ਹੋਰ ਪਿਆਰ ਨਾਲ ਮਨੁੱਖਤਾ ਦੀ ਸੇਵਾ ਕਰ ਸਕੋ।

ਮਾਰਚ 2005 ਦੀ ਅੰਮ੍ਰਿਤ ਕੀਰਤਨ ਦੇ ਪੰਨਾ 4 ਪੜ੍ਹ ਕੇ ਆਪਦੇ ਪੁੱਛਣ ਤੇ ਵਿਚਾਰ ਲਿਖਣ ਦਾ ਹੀਆ ਕਰ ਰਿਹਾ ਹਾਂ।

ਮੇਰਾ ਵਿਚਾਰ ਹੈ ਕਿ ਵਾਹਿਗੁਰੂ ਸਾਡਾ ਪਿਤਾ ਹੈ ਅਤੇ ਜੋ ਕੁਝ ਵੀ ਕਰਦਾ ਹੈ ਉਹ ਠੀਕ ਤੇ ਚੰਗਾ ਕਰਦਾ ਹੈ। ਸਾਡੀ ਸਮਝ ਘੱਟ ਹੋਣ ਕਰਕੇ ਅਸੀਂ ਡੋਲ ਜਾਂਦੇ ਹਾਂ।

ਜੋ ਤੁਸੀਂ ਦੋ Instance ਲਿਖੇ ਹਨ, ਉਨ੍ਹਾਂ ਨੂੰ ਹੌਸਲਾ ਦੇਣ ਲਈ ਮੈਂ ਪ੍ਰਭੂ ਪਿਤਾ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦਾ ਸੰਯੋਗ ਬਣ ਜਾਵੇ ਤਾਂ ਜੋ ਉਹ ਆਪਣੇ ਮਨ ਦੀ ਪ੍ਰਸੰਨਤਾ ਨਾਲ ਆਪਣੇ ਗ੍ਰਹਿਸਤ ਵਿਚ ਰਹਿ ਕੇ ਪ੍ਰਭੂ ਪ੍ਰੀਤੀ ਅਤੇ ਮਨੁੱਖਤਾ ਦੀ ਸੇਵਾ ਕਰ ਸਕਣ।

ਮੇਰਾ ਆਪਣਾ ਲੜਕਾ ਸੀ। ਉਸਨੇ ਦੋ ਭੈਣਾਂ ਦੇ ਵਿਆਹ ਕਰਨ ਪਿਛੋਂ 29 ਸਾਲ ਦੀ ਉਮਰ ਵਿਚ ਸ਼ਾਦੀ ਕਰਵਾਈ। ਮੇਰੀ ਲੜਕੀ ਦੀ ਅਰਦਾਸ ਹੋਣ ਪਿਛੋਂ ਵੀ ਸ਼ਾਦੀ ਨਹੀਂ ਹੋਈ ਸੀ ਤੇ ਫਿਰ ਪ੍ਰਮਾਤਮਾ ਨੇ ਢੋਅ ਦਿੱਤਾ, ਭਾਵੇਂ ਦਿਲ ਡੋਲਦਾ ਸੀ ਪਰ ਸਭ ਕੁਝ ਚੰਗਾ ਹੋ ਗਿਆ ਤੇ ਠੀਕ ਸੁਖੀ ਹੈ।

ਮੇਰੀ ਬੇਨਤੀ ਹੈ ਕਿ ਬੱਚਿਆਂ ਨੂੰ ਧਾਰਮਿਕ ਤੇ ਪ੍ਰਮਾਤਮਾ ਤੇ ਪ੍ਰਭੂ ਭਰੋਸਾ ਕਰਨਾ ਚਾਹੀਦਾ ਹੈ। ਵਾਹਿਗੁਰੂ ਸਾਡਾ ਪਿਤਾ ਹੈ ਅਤੇ ਆਪਣੇ ਫਿਕਰ ਚਿੰਤਾ ਦੀ ਪੰਡ ਉਸ ਤੇ ਸੁੱਟ ਦੇਣੀ ਚਾਹੀਦੀ ਹੈ। ਉਸਨੂੰ ਪਤਾ ਹੈ ਕਿ ਕਦੋ ਕਿਵੇਂ ਤੇ ਕਿਸਦਾ ਕੰਮ ਕਰਨਾ ਹੈ।

ਸਾਡਾ ਇਤਿਹਾਸ ਗਵਾਹ ਹੈ ਅਤੇ ਅਗਵਾਈ ਦਿੰਦਾ ਹੈ ਕਿ ਮਨੁੱਖ ਨੂੰ ਕਦੇ ਵੀ ਘਬਰਾਉਣਾ ਨਹੀਂ ਚਾਹੀਦਾ। ਬੇਬੇ ਨਾਨਕੀ ਜੀ ਵਿਆਹ ਪਿਛੋਂ ਪ੍ਰਭੂ ਨਾਲ ਪਿਆਰ ਕਰਦੇ ਰਹੇ ਭਾਵੇਂ ਉਨ੍ਹਾਂ ਦੀ ਉਲਾਦ ਨਹੀਂ ਹੋਈ।

ਮਾਤਾ ਸਾਹਿਬ ਦੇਵਾਂ ਖਾਲਸੇ ਦੀ ਮਾਤਾ ਕਹਿਲਾਈ। ਬੀਬੀ ਭਾਗ ਕੌਰ ਨੇ ਆਪਣਾ ਜੀਵਨ ਕੌਮ ਦੇ ਲੇਖੇ ਲਗਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਾਰਾ ਸਰਬੰਸ ਹੀ ਪੰਥ ਲਈ ਵਾਰ ਦਿੱਤਾ।

ਮੇਰਾ ਲਿਖਣ ਦਾ ਮਤਲਬ ਹੈ ਕਿ ਮਨੁੱਖ ਨੂੰ ਆਪਣੇਂ ਆਪਨੂੰ ਕਿਸੇ ਆਹਰ ਲਾ ਕੇ ਰੱਖਣਾ ਚਾਹੀਦਾ ਹੈ ਅਤੇ ਆਪਣੀ ਪ੍ਰੇਰਣਾ ਕੀਰਤਨ ਰਾਹੀਂ ਮਨੁੱਖ ਆਪਣੇ ਆਪਨੂੰ ਪ੍ਰਭੂ ਪ੍ਰਮਾਤਮਾ ਦੇ ਭਾਣੇ ਵਿਚ ਰਹਿਣ ਦੀ ਜਾਚ ਸਿਖ ਸਕਦਾ ਹੈ । ਪ੍ਰਭੂ ਸਾਡਾ ਮਾਤਾ-ਪਿਤਾ, ਪਤੀ, ਬੰਧਪ ਸਭ ਕੁਝ ਹੈ। ਉਹ ਸਾਡੀ ਅਰਦਾਸ ਦੁਖ ਚਿੰਤਾਵਾਂ ਵੇਖਦਾ ਤੇ ਸੁਣਦਾ ਹੈ। ਸਾਡੇ ਲਈ ਕੇਵਲ ਇਕ ਕੰਮ ਹੋਣਾ ਚਾਹੀਦਾ ਹੈ ਕਿ ਅਸੀਂ ਸੱਚੇ ਦਿਲੋਂ ਉਸਨੂੰ, ਬਾਣੀ ਨੂੰ ਤੇ ਸੇਵਾ ਨੂੰ ਮੁੱਖ ਰੱਖ ਕੇ ਆਪਣਾ ਜੀਵਨ ਸੁੱਚਾ ਸੱਚਾ ਰੱਖ ਕੇ ਹਮੇਸ਼ਾ ਉਸ ਦੀ ਯਾਦ ਵਿਚ ਬਿਤਾਈਏ।

ਇਹ ਕੁਝ ਲਿਖਣ ਨਾਲ ਸ਼ਾਇਦ ਬੱਚਿਆਂ ਨੂੰ ਢਾਰਸ ਮਿਲੇ ਤੇ ਵਾਹਿਗੁਰੂ ਤੇ ਭਰੋਸਾ ਆਵੇ। ਵੈਸੇ ਤਾਂ ਮੈਂ ਵੀ ਹੋਰਨਾਂ ਨੂੰ ਵੀ ਇਸ ਕਾਰਜ ਵਿਚ ਮਦਦ ਲਈ ਤਤਪਰ ਰਹਾਂਗਾ। ਇਹੋ ਜਿਹੇ ਸਯੋਗ ਦੀ ਸੇਵਾ ਵੀ ਕਰਨਾ ਗੁਰਸਿੱਖ ਦਾ ਕੰਮ ਹੈ। ਵਾਹਿਗੁਰੂ ਜੋ ਕਰਦਾ ਹੈ ਠੀਕ ਕਰਦਾਹੈ। ਇਸ ਵਿਚ ਵੀ ਸਾਡਾ ਭਲਾ ਹੀ ਹੁੰਦਾ ਹੈ।

ਪ੍ਰਭੂਦਿਆਲ ਸਿੰਘ
7273/1, ਗਲੀ ਨੰਬਰ 21,
ਨਿਊ ਜਨਤਾ ਨਗਰ, ਲੁਧਿਆਣਾ

ਆਓ ਸ਼ਲਾਘਾ ਕਰੀਏ

ਪਿਛਲੇ ਦਿਨੀਂ ਇੱਕ ਕੈਸਟ ਪ੍ਰਾਪਤ ਹੋਈ। ਮਹਿਮਾ ਸ੍ਰੀ ਬਾਵਾ ਲਾਲ ਜੀ ਕੀ। ਮੈਂ ਬਾਵਾ ਲਾਲ ਜੀ ਬਾਰੇ ਨਹੀਂ ਜਾਣਦਾ ਫਿਰ ਮੇਰੇ ਕੋਲ ਇਹ ਕੈਸਟ ਕਿਉਂ ਆਈ। ਕੈਸਟ ਦੇ ਕਵਰ ਨੂੰ ਪੜ੍ਹਿਆ ਤਾਂ ਉਸੇ ਇੱਕ ਪ੍ਰਭਾਵਸ਼ਾਲੀ ਇਸਤਰੀ ਦੀ ਤਸਵੀਰ ਛਪੀ ਹੋਈ ਸੀ। ਚਿਹਰਾ ਜਾਣਿਆ ਪਹਿਚਾਣਿਆ ਜਾਪਿਆ। ਹੇਠਾਂ ਨਾਮ ਪੜ੍ਹਿਆ। ਗਾਇਕ- ਰੂਪਾ ਸਰੀਨ। ਰੀਟਾਇਰ ਐਸ. ਈ. (ਹਿਸਟਰੀ) ਪੰਜਾਬ ਸਕੂਲ ਐਜੂਕੇਸ਼ਨ ਬੋਰਡ। ਇਸ ਕੈਸਟ ਵਿੱਚ ਭਜਨ ਵੀ ਰੂਪਾ ਸਰੀਨ ਜੀ ਦੇ ਹੀ ਲਿਖੇ ਹੋਏ ਹਨ। ਕੈਸਟ ਸੁਣੀ। ਯਾਦ ਆਏ ਮੇਰੇ ਪਰਮ ਮਿੱਤਰ ਡਾਕਟਰ ਕਰਨੈਲ ਸਿੰਘ ਸੋਮਲ। ਜਿਹੜੇ ਹਰ ਤਰ੍ਹਾਂ ਦੇ ਮੌਕੇ ਤੇ ਹਰ ਕਿਸੇ ਦੀ ਸਿਫਤ ਕਰਨ ਦੀ ਮੁਹਾਰਤ ਰਖਦੇ ਹਨ। ਡਾਕਟਰ ਕਰਨੈਲ ਸਿੰਘ ਸੋਮਲ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੋਂ ਰਿਟਾਇਰ ਹੋ ਚੁਕੇ ਹਨ ਅਤੇ ਮੈ ਵੀ ਰਿਟਾਇਰ ਹੋ ਚੁੱਕਾ ਹਾਂ। ਰੂਪਾ ਸਰੀਨ ਜੀ ਹਿਸਟਰੀ ਦੇ ਸਬਜੈਕਟ ਐਕਸਪਰਟ ਭਾਵ ਵਿਸ਼ਾ ਮਾਹਿਰ ਸਨ। ਉਹ ਵੀ ਰਿਟਾਇਰ ਹੋ ਚੁਕੇ ਹਨ।

ਜਦੋਂ ਅਸੀਂ ਬੋਰਡ ਵਿੱਚ ਸਾਂ ਸਾਨੂੰ ਰੂਪਾ ਜੀ ਬਾਰੇ ਇਹ ਨਹੀਂ ਸੀ ਪਤਾ ਕਿ ਉਹ ਗਾਉਂਦੇ ਵੀ ਅਤੇ ਲਿਖਦੇ ਵੀ ਹਨ। ਉਹਨਾਂ ਦੇ ਇਹਨਾਂ ਗੁਣਾਂ ਬਾਰੇ ਜਾਣਕੇ ਉਹਨਾਂ ਦਾ ਹੋਰ ਸਤਿਕਾਰ ਕਰਨ ਨੂੰ ਮਨ ਕੀਤਾ। ਹੋ ਸਕਦਾ ਸੰਗੀਤ ਦੇ ਵਿਦਵਾਨ ਇਸ ਕੈਸਟ ਨੂੰ ਬਹੁਤੇ ਨੰਬਰ ਨਾ ਦੇਣ ਪਰ ਜਿਸ ਹਾਲਾਤ ਵਿੱਚ ਰੂਪਾ ਜੀ ਨੇ ਇਸ ਦੀ ਰਚਨਾ ਕੀਤੀ ਹੈ ਉਸ ਦੀ ਸ਼ਲਾਘਾ ਕਰਨੀ ਬਣਦੀ ਹੈ। ਰੂਪਾ ਜੀ ਨੇ ਨੌਕਰੀ ਕਰਦਿਆਂ ਆਪਣੀ ਪ੍ਰਤਿਭਾ ਨੂੰ ਮਰਨ ਨਹੀਂ ਦਿੱਤਾ ਤੇ ਰਿਟਾਇਰ ਹੋ ਕੇ ਉਸ ਵਿੱਚ ਵਾਧਾ ਕੀਤਾ। ਰਿਟਾਇਰ ਹੋ ਕੇ ਜਦੋਂ ਆਮ ਇਸਤਰੀਆਂ ਅਤੇ ਮਰਦ ਸੋਚ ਲੈਂਦੇ ਹਨ ਕਿ ਬਸ ਹੁਣ ਤਾਂ ਸਾਡੀ ਵਾਰੀ ਖਤਮ ਹੋ ਚੁਕੀ ਹੈ ਰੂਪਾ ਜੀ ਨੇ ਆਪਣੀ ਜ਼ਿੰਦਗੀ ਦੀ ਨਵੀਂ ਵਾਰੀ ਖੇਡਣ ਦਾ ਮਨ ਬਣਾਇਆ ਅਤੇ ਇਸ ਉਹ ਕਾਮਯਾਬ ਹੋਏ। ਉਹਨਾਂ ਨੇ ਆਪਣੇ ਗਾਇਨ ਅਤੇ ਕਾਵਿਕ ਗੁਣਾਂ ਨੂੰ ਘਰ ਤਕ ਸੀਮਿਤ ਨਹੀਂ ਰੱਖਿਆ ਸਗੋਂ ਇਸ ਨੂੰ ਲੋਕਾਂ ਵਿੱਚ ਵੰਡਿਆ। ਇਸ ਸਾਰੇ ਕੁਝ ਵਿੱਚ ਉਹਨਾਂ ਦੇ ਪਤੀ ਪ੍ਰੋਫੈਸਰ ਸਰੀਨ ਜੋ ਪੰਜਾਬ ਯੂਨੀਵਰਸਟੀ ਤੋਂ ਰਿਟਾਇਰ ਹੋਏ ਦਾ ਵੱਡਾ ਹੱਥ ਹੈ ਜਿਹੜੇ ਰੂਪਾ ਜੀ ਨੂੰ ਹਰ ਸਮੇ ਕੁਝ ਨਾ ਕੁਝ ਨਿਵੇਕਲਾ ਕਰਨ ਦਾ ਉਤਸਾਹ ਦਿੰਦੇ ਰਹਿੰਦੇ ਹਨ।

ਆਪਣੇ ਨਿਜੀ ਜੀਵਨ ਦੇ ਝਮੇਲਿਆਂ ਤੋਂ ਉਪਰ ਉੱਠਕੇ ਜਿਹੜੇ ਲੋਕ ਕੋਈ ਕਾਰਜ ਕਰਦੇ ਹਨ। ਉਹਨਾਂ ਬਾਰੇ ਹੀ ਸ਼ਇਦ ਅੰਗਰੇਜ਼ੀ ਵਿੱਚ larger than life ਜੀਉਣ ਦਾ ਫਿਕਰਾ ਜੋੜਿਆ ਜਾਂਦਾ ਹੈ। ਰੂਪਾ ਜੀ ਵੀ ਕੁਝ ਹਦ ਤਕ ਇਸ ਤਰ੍ਹਾਂ ਦਾ ਜੀਵਨ ਜੀ ਰਹੇ ਹਨ। ਹਾਂ ਇੱਕ ਗੱਲ ਹੋਰ ਉਹਨਾਂ ਨੇ ਆਪਣੇ ਮਨ ਦੇ ਨਾਲ ਨਾਲ ਤਨ ਦੀ ਵੀ ਖੂਬ ਸੰਭਾਲ ਕੀਤੀ ਹੈ। ਉਹ ਆਪਣੀ ਉਮਰ ਨਾਲੋਂ ਦਸ ਸਾਲ ਛੋਟੇ ਜਾਪਦੇ ਹਨ। ਇਹ ਉਹਨਾਂ ਦੀ ਰੋਜ਼ਾਨਾ ਦੀ ਕਸਰਤ, ਯੋਗ, ਸੰਗੀਤ, ਕਾਵਿ ਅਤੇ ਬਾਵਾ ਲਾਲ ਜੀ ਉਪਰ ਅਟੁੱਟ ਸ਼ਰਧਾ ਦਾ ਨਤੀਜਾ ਹੋ ਸਕਦਾ ਹੈ। ਮੈਂ ਆਪਣੇ ਅਤੇ ਬੋਰਡ ਦੇ ਸਾਰੇ ਸਹਿ ਕਰਮੀਆਂ ਵੱਲੋਂ ਰੂਪਾ ਜੀ ਦੀ ਸਿਹਤਮਦੀ ਖੁਸ਼ੀਆਂ ਅਤੇ ਖੇੜਿਆਂ ਭਰੀ ਜ਼ਿੰਦਗੀ ਦੀ ਕਾਮਨਾ ਕਰਦਾ ਹਾਂ। ਨਾਲ ਹੀ ਧੰਨਵਾਦ ਕਰਦਾ ਹਾਂ ਡਾ. ਕਰਨੈਲ ਸਿੰਘ ਸੋਮਲ ਹੋਰਾਂ ਦਾ ਜਿਹਨਾਂ ਨੇ ਮੈਨੂੰ ਹਰ ਤਰ੍ਹਾਂ ਦੇ ਮੌਕੇ ਤੇ ਸ਼ਲਾਘਾ ਕਰਨ ਦੀ ਜਾਚ ਦੱਸੀ। ਹੋ ਸਕਦਾ ਹੈ ਇਹ ਕੁਝ ਪੜ੍ਹ ਕੇ ਤੁਹਾਡੇ ਮਨ ਵਿੱਚ ਅੰਮ੍ਰਿਤ ਕੀਰਤਨ ਜਾਂ ਬੀਬੀ ਰੂਪਾ ਸਰੀਨ ਹੋਰਾਂ ਦੀ ਸਿਫਤ ਕਰਨ ਦੀ ਇੱਛਾ ਜਾਗੀ ਹੋਵੇ ਤਾਂ ਹੁਣੇ ਹੀ ਪੈਨ ਕਾਗਜ਼ ਲੈ ਕੇ ਲਿਖਣਾ ਸ਼ੁਰੂ ਕਰ ਦਿਓ। ਅੰਮ੍ਰਿਤ ਕੀਰਤਨ ਦਾ ਪਤਾ ਤਾਂ ਤੁਹਾਡੇ ਕੋਲ ਹੈ ਹੀ, ਰੂਪਾ ਜੀ ਦਾ ਐਡਰੈਸ ਹੈ- ਸ੍ਰੀਮਤੀ ਰੂਪਾ ਸਰੀਨ, 6070 ਮਾਡਰਨ ਹਾਉਸਿੰਗ ਕੰਪਲੈਕਸ, ਮਨੀ ਮਾਜਰਾ, ਚੰਡੀਗੜ੍ਹ।

ਮੈਂ ਅਤੇ ਕਲਾ ਵਾਹਿਗੁਰੂ ਦੀ

ਸੋਭਾ ਸਿੰਘ

ਮੈਨੂੰ ਆਪਣੇ ਅਤੇ ਆਪਣੀ ਕਲਾ 'ਤੇ ਲਿਖਣ ਵਾਸਤੇ ਆਗਿਆ ਹੁੰਦੀ ਹੈ। ਆਪਣੇ ਆਪ ਨੂੰ ਤਾਂ ਕੋਈ ਵਿਰਲਾ ਹੀ ਜਾਣ ਸਕਦਾ ਹੈ। ਮੈਂ ਤਾਂ ਕਿਸ ਦਾ ਵਿਚਾਰਾ ਹਾਂ। ਪਰ ਕਲਾ ਨੂੰ ਵੀ ਮੈਂ ਆਪਣੀ ਨਹੀਂ ਸਗੋਂ 'ਵਾਹਿਗੁਰੂ' ਦੀ ਸਮਝਦਾ ਹਾਂ, ਇਸ ਲਈ ਵਾਹਿਗੁਰੂ ਦਾ ਵਿਸ਼ੇਸ਼ਣ ਕਰਨਾ ਜ਼ਰੂਰੀ ਹੈ।

ਗੁਰੂ, ਪ੍ਰਕਾਸ਼ ਤਥਾ ਗਿਆਨ ਦਾ ਪ੍ਰਤੀਕ ਹੈ। ਨੇਤਰ ਦ੍ਰਿਸ਼ਟ, ਨੱਕ ਮਹਿਕ, ਕੰਨ ਸਰਵਨ, ਚਰਮ ਸਪਰਸ਼, ਜੀਭਾ ਰਸ - ਇਸ ਕਾਇਆ ਨੂੰ ਗਿਆਨ ਦੁਆਰਾ ਚੇਤਨ ਰੱਖਣ ਕਾਰਨ ਇਹ ਵੀ ਗੁਰੂ ਰੂਪ ਹਨ। ਇਨ੍ਹਾਂ ਗਿਆਨ ਇੰਦ੍ਰੀਆਂ ਤੋਂ ਪਸ਼ੂ ਪੰਛੀ ਵੀ ਵਾਂਝੇ ਨਹੀਂ ਅਤੇ ਹਰ ਵੰਨਗੀ ਅਨੁਸਾਰ ਕਿਸੇ ਜਿਨਸ ਵਿਚ ਕੋਈ ਇੰਦ੍ਰਾ ਵਿਸ਼ੇਸ਼ ਹੈ ਅਤੇ ਕਿਸੇ ਵਿਚ ਕੋਈ। ਮਨੁੱਖ ਵਿਚ ਇਸ ਦੇ ਸਿਰਜਨਹਾਰ ਨੇ ਇਸ ਦੀ ਸਿਰਜਨਾ ਦੀ ਅਨੁਭਵਤਾ ਲਈ ਇਕ ਵਿਸ਼ੇਸ਼ ਇੰਦ੍ਰੇ ਦੀ ਬਖਸ਼ਿਸ਼ ਕੀਤੀ। ਸੁਹਜਵਾਦੀ ਚੇਤਨਾ ਇਸ ਦਾ ਇਕ ਪੱਖ ਹੈ, ਜਿਸ ਦਾ ਵਿਕਾਸ, ਹਰ ਇਕ ਵਿਚ ਉਸ ਦੇ ਗਿਆਨ ਤੀਬਰਤਾ ਅਰਥਾਤ ਅਨੁਭਵ ਅਨੁਸਾਰ ਵਿਕਸਿਤ ਹੋਇਆ ਹੁੰਦਾ ਹੈ। ਇਸ ਕਾਰਨ ਪ੍ਰਾਣੀ ਮਾਤਰ ਸੁੰਦਰਤਾ, ਰਸ, ਸੁਗੰਧ, ਦ੍ਰਿਸ਼ ਅਤੇ ਸਪਰਸ਼ ਆਦਿ ਦਾ ਅਤਿ ਸੂਖਮ ਮੰਡਲ ਆਪਣੀ ਅਨੁਭਵਤਾ ਵਿਚ ਮਾਣਦਾ, ਅਪਨਾਉਂਦਾ, ਸਤਿਕਾਰਦਾ ਅਤੇ ਪਿਆਰਦਾ ਹੈ। ਇਸ ਸਭ ਤੋਂ ਵੀ ਉਚੇਰਾ ਉਹ ਗਿਆਨ ਇੰਦ੍ਰਾ ਹੈ। ਜਿਸ ਦੀ ਹੋਂਦ ਕਿਸੇ ਚੰਗੀ ਸ਼ੈਅ ਅਤੇ ਗੁਣ ਨੂੰ ਪਛਾਣ ਕੇ ਮੁੱਖ ਤੋਂ 'ਵਾਹ' ਉਚਾਰਦੀ ਹੈ। ਇਹ ਉੱਤਮ ਗਿਆਨ ਇੰਦ੍ਰਾ ਬਾਕੀ ਸਭ ਗਿਆਨ ਇੰਦ੍ਰੀਆਂ ਦੇ ਤੱਤ ਦਾ ਸਾਰ ਕੱਢ 'ਵਾਹ' ਕਹਿ ਕੇ ਸਭ ਗੁਣਾਂ ਨੂੰ ਮਾਣਦਾ ਹੈ। ਇਸ ਤੋਂ ਉਪਜੇ ਆਨੰਦ ਦੇ ਕਾਰਨ ਦੀ ਖੋਜ ਕਰਦਾ ਹੋਇਆ ਸਭ ਸਿਖਰਾਂ ਨੂੰ ਪਾਰ ਕਰਕੇ ਅੰਤ ਵਿਚ ਇਸ ਨੂੰ ਪਾ ਲੈਂਦਾ ਹੈ। ਅਰਥਾਤ ਇਸ ਵਿਚ ਲੀਨ ਹੋ ਜਾਂਦਾ ਹੈ। ਅੰਤ ਵਿਚ ਕਰਤੇ ਤੋਂ ਸਾਗਰ ਬਣ ਜਾਂਦਾ ਹੈ।

ਨਾਨਕ ਲੀਨ ਭਇਓ ਗੋਬਿੰਦ ਸਿਉ,
ਜਿਉ ਪਾਨੀ ਸੰਗਿ ਪਾਨੀ॥'

ਸੂਰਜ ਸਮੂਹ ਮਨੁੱਖ ਮਾਤਰ ਦੇ ਜੀਵਨ ਪੰਧ ਤੇ ਚਾਨਣ ਖਿਲਾਰਨ ਲਈ ਸਿਰਜਨਹਾਰ ਦੀ ਸੂਝ ਪਾਉਣ ਲਈ, ਉਸ ਸੁੰਦਰ ਆਨੰਦ ਦੇ ਕਾਰਨ ਨਿਰਾਕਾਰ ਸ਼ਕਤੀ ਦੇ ਗੁਣ ਗਾ ਗਾ ਦੇ ਅਤੇ ਹੋਰ ਯਤਨਾਂ ਪਰਿਯਤਨਾਂ ਨਾਲ ਸਾਕਾਰ ਕਰਕੇ ਤਾਂ ਜੋ ਅਗਿਆਨਤਾ ਦੇ ਅੰਧਕਾਰ ਵਿਚ ਭੁੱਲੇ ਭਟਕੇ ਪ੍ਰਾਣੀਆਂ ਨੂੰ ਆਪਣੇ 'ਅਸਲੇ' ਦੀ ਸੁਝ ਪੈ ਸਕੇ।

ਇਸ ਸੂਖਮ ਪੱਖ ਪ੍ਰਤੀ ਤ੍ਰਿਸ਼ਨਾ ਪੂਰਤੀ ਦੀ ਉਦਾਹਰਣ ਹੈ। ਜੇਕਰ ਤੁਹਾਡੇ ਦਿਲ ਵਿਚ ਸੁੰਦਰਤਾ ਲਈ ਕੋਈ ਥਾਂ ਨਹੀਂ, ਤੁਸੀਂ ਦੇਵਤਾ ਸਰੂਪ ਨਹੀਂ ਹੋ ਸਕਦੇ। ਸੁੰਦਰਤਾ ਦੀ ਇਹ ਸੂਝ ਹਰ ਕਲਾ ਵਿਚ ਵਾਹਿਗੁਰੂ ਦੀ ਹੈ ਅਤੇ ਹਰ ਕਲਾ, ਖੋਜ ਅਤੇ ਆਨੰਦ ਦੇ ਕਾਰਨ ਦੇ ਸੁਮੇਲ ਦਾ ਪ੍ਰਗਟਾਵਾ ਹੈ। ਇਹ ਵਾਹ ਦੀ ਕਲਾ ਦੀ ਉਹ ਆਪ ਸਭ ਅਸਚਰਜ ਤੋਂ ਅਸਚਰਜ ਤੇ ਕਿਸੇ ਵਿਰਲੇ ਪਾਤਰ ਤੇ ਬਖਸ਼ਿਸ਼ ਕਰਦਾ ਹੈ।

ਕਲਾ ਤਕਨੀਕੀ ਕਲਾਬਾਜ਼ੀ ਨਹੀਂ, ਨਾ ਹੀ ਇਹ ਨਿਰਾ ਪੇਸ਼ਾ ਜਾਂ ਕਿੱਤਾ ਹੈ, ਸਗੋਂ ਸਰੋਤ ਅਰਥਾਤ ਦਰਸ਼ਕ ਦੇ ਸਰੀਰ, ਮਨ ਅਤੇ ਆਤਮਾ ਨੂੰ 'ਈਸ਼ਵਰੀ' ਗੁਣਾਂ (ਸਤਿਅਮ, ਸ਼ਿਵਮ, ਸੁੰਦਰਮ) , ਪ੍ਰੇਰਣਾ ਦਾ ਅਤੇ ਸਤੁੰਲਤਾ ਵਿਚ ਲਿਆ ਕੇ ਆਪਣੀ ਸਰੋਤ ਪਰਮ ਆਤਮਾ ਨਾਲ ਇਕ ਮਿੱਕ ਕਰਨ ਦਾ ਅਤਿ ਕੋਮਲ ਸਾਧਨ ਹੈ, ਸਵੈ-ਅਰਪਣਾ ਹੈ, ਭਗਤੀ ਹੈ ਅਤੇ ਸਿਮਰਨ ਹੈ ਜਿਸ ਦ ਉਪਰਾਲੇ ਨਾਲ ਜੀਵਨ ਅਤੇ ਸੰਸਾਰ ਸੁੰਦਰ ਤੋਂ ਅਤਿ ਸੁੰਦਰ ਬਣਾਏ ਜਾ ਸਕਦੇ ਹਨ। ਇਹ ਹੈ ਵਾਹਿਗੁਰੂ (ਛੇਵੀਂ ਸੂਝ) ਦੀ ਦੇਣ, ਜੋ ਹਰ ਕਿਸਮ ਦੇ

ਸੰਦਰਭ ਤੋਂ ਉਤਪੰਨ ਹੋਈ ਸੁੰਦਰਤਾ ਦੀ ਦਾਤ ਪ੍ਰਤੀ ਖੋਜ ਤੇ ਪਰਮ ਤੱਤ ਨੂੰ ਪਾ ਲੈਣ ਤੇ ਉਤਪੰਨ ਹੁੰਦੀ ਹੈ। ਕਲਾ ਤਾਂ ਖੋਜ ਅਤੇ ਪਰਮ ਤੱਤ ਦਾ ਸੁਮੇਲ ਹੈ।

ਇਹ ਹੈ ਵਾਹਿਗੁਰੂ (ਛੇਵੀ ਸੂਝ) ਦੀ ਦੇਣ। ਸੋ ਕਲਾ ਮੇਰੀ ਨਹੀਂ, ਇਹ ਮੇਰੀ ਛੇਵੀਂ ਸੂਝ ਦੀ ਦੇਣ ਹੈ। ਸੂਝ ਮੇਰੀ ਕਈ ਜਨਮਾਂ ਦੀ ਸਾਧਨਾ ਦਾ ਸਿੱਟਾ ਹੈ। ਪਰ ਜੇ ਤਕਨੀਕ ਦੇ ਪਿਛੇ ਕਲਾ ਸਾਧਨਾ ਦਾ ਹੱਥ ਨ ਹੋਵੇ ਤਾਂ ਇਹ ਤਾਕਤ ਹਰ ਤਾਕਤ ਵਾਂਗ ਹਾਨੀਕਾਰਕ ਵੀ ਹੋ ਸਕਦੀ ਹੈ। ਪਿਸਤੌਲ ਵਾਂਗ ਇਹ ਬਚਾਉ ਦਾ ਕੰਮ ਵੀ ਦੇ ਸਕਦੀ ਹੈ ਅਤੇ ਲੁੱਟਣ ਦਾ ਵੀ।

ਭਾਵੇਂ ਕਲਾ ਅਚੇਤ ਤੌਰ ਤੇ ਵੀ ਅਸਰ ਕਰਦੀ ਹੈ ਪਰ ਜੇ ਦਰਸ਼ਕ ਜਾਂ ਸਰੋਤੇ ਨੂੰ ਇਸ ਦਾ ਪ੍ਰਭਾਵ ਲੈਣ ਦੀ ਥੋੜੀ ਬਹੁਤ ਜਾਚ ਹੋਵੇ ਤਾਂ ਵਧੇਰੇ ਲਾਭਦਾਇਕ ਹੋ ਸਕਦੀ ਹੈ।

ਕਲਾ ਦੀ ਸੂਝ ਬੂਝ ਵਿਦਿਆਰਥੀਆਂ ਨੂੰ ਰੇਡੀਓ, ਟੈਲੀਵਿਯਨ ਅਤੇ ਸਿਲੇਬਸ ਰਾਹੀਂ ਬੜੀ ਚੰਗੀ ਤਰਾਂ ਦਿੱਤੀ ਜਾ ਸਕਦੀ ਹੈ। ਲੋਕਤੰਤਰ ਦੇ ਜ਼ਮਾਨੇ ਵਿਚ ਕਲਾ ਦੀ ਪਾਲਣਾ ਜ਼ਰਾ ਔਖਾ ਕੰਮ ਜਾਪਦਾ ਹੈ। ਜਿਸ ਲੋਕਤੰਤਰ ਵਿਚ ਗਿਣਤੀ ਦੀ ਵਧੇਰੇ ਅਤੇ ਗੁਣ ਦੀ ਘੱਟ ਕਦਰ ਹੋਵੇ, ਉਥੇ ਇਸ ਦੀ ਉਨਤੀ ਦੀ ਘੱਟ ਹੀ ਆਸ ਰੱਖੀ ਜਾ ਸਕਦੀ ਹੈ। ਮਲਕਾ ਵਿਕਟੋਰੀਆ, ਸਾਲ ਵਿਚ ਇਕ ਵਾਰੀ ਲਿਖਾਰੀਆਂ, ਕਵੀਆਂ ਤੇ ਚਿੱਤਰਕਾਰਾਂ ਲਈ ਦਰਬਾਰ ਲਾਇਆ ਕਰਦੀ ਸੀ, ਤੇ ਉਸ ਜ਼ਮਾਨੇ ਦੀ ਕਲਾ ਦਾ ਕੋਈ ਮੁਕਾਬਲਾ ਨਹੀਂ। ਇਸ ਸੁਆਣੀ ਦੀ ਛਤਰ ਛਾਇਆ ਹੇਠ ਕਲਾ ਕਾਫੀ ਪੁੰਗਰੀ, ਪਲੀ ਤੇ ਫਲੀ।

ਕਲਾ ਉੱਤੇ ਭਾਵੇਂ ਸਮਕਾਲੀ ਖਿਆਲਾਤ ਅਤੇ ਵਾਤਾਵਰਣ ਦਾ ਅਸਰ ਕਾਫੀ ਜ਼ਿਆਦਾ ਪੈਂਦਾ ਰਿਹਾ ਹੈ, ਪਰ ਕਲਾ ਇਕ ਦੈਵੀ ਗੁਣ ਹੋਣ ਕਰਕੇ ਇਸ ਦਾ ਸਮੁੱਚਾ ਪ੍ਰਭਾਵ ਨਸ਼ਟ ਕਦੇ ਨਹੀਂ ਹੋਇਆ। ਇਸ ਨੂੰ ਸੌਂਕਣ ਸਾੜੇ ਦਾ ਮੁਕਾਬਲਾ ਵੀ ਕਰਨਾ ਪੈਂਦਾ ਹੈ ਅਤੇ ਜੀਵਿਕਾ ਲਈ ਅਤਿ ਜ਼ਰੂਰਤਾਂ ਦਾ ਵੀ। ਫਿਰ ਵੀ ਜਲ ਵਾਂਗ ਕਦੇ ਮੈਲੀ ਥਾਂ ਤੋਂ ਲੰਘੇ ਤਾਂ ਥੋੜੇ ਚਿਰ ਲਈ ਮੈਲੀ ਹੋ ਜਾਂਦੀ ਹੈ। ਬਨਸਪਤੀ ਪਾਲਦੀ ਧਰਤੀ ਵਿਚ ਗੁੰਮ ਹੋ ਕੇ ਕਿਤੇ ਚੁਪਕੇ ਜਿਹੇ ਸਿਰ ਕੱਢਦੀ ਹੈ, ਬੱਦਲ ਬਣ ਕੇ ਉਡਦੀ ਤੇ ਵਰ੍ਹਦੀ ਰਹਿੰਦੀ ਹੈ। ਕਈ ਵਾਰ ਛੱਪੜਾਂ ਅਤੇ ਟੋਇਆਂ ਵਿਚ ਸੜਦੀ ਰਹਿੰਦੀ ਹੈ ਅਤੇ ਫਿਰ ਨਿਰਮਲ ਹੋ ਉੱਠਦੀ ਹੈ। ਪਰ ਇਸ ਦੀ ਸੁਤਾ ਸਿੱਧੀ ਰਵਾਨੀ ਆਪਣੇ ਸਾਗਰ ਸ੍ਰੋਤ ਵੱਲ ਵਹਿੰਦੀ ਹੈ।

ਪਲੈਟੋ ਆਪਣੀ 'ਰਿਪਬਲਿਕ' ਵਿਚ ਲਿਖਦੇ ਹਨ ਕਿ ਅਪਰਾਧੀ ਅਤੇ ਆਰਟਿਸਟ ਸੁਸਾਇਟੀ ਦਾ ਅੰਗ ਨਹੀਂ ਹੋਣੇ ਚਾਹੀਦੇ। ਜ਼ੁਰਮ ਕਰਨ ਵਾਲੇ ਤਾਂ ਨਿਰਸੰਦੇਹ ਸੁਸਾਇਟੀ ਦਾ ਹਿੱਸਾ ਨਹੀਂ, ਪਰ ਕਲਾਕਾਰ ਕਿਉਂ ਨਹੀਂ? ਉਨ੍ਹਾਂ ਦਾ ਭਾਵ ਇਉਂ ਲੱਗਦਾ ਹੈ ਕਿ ਸੁਸਾਇਟੀ ਜੋ ਮਾਇਆ ਦੇ ਜਾਲ ਵਿਚ ਲਪੇਟੀ ਹੋਈ ਹੈ, ਉਸ ਵਿਚ ਕਲਾਕਾਰ ਖੱਚਤ ਨਹੀਂ ਹੋਣਾ ਚਾਹੀਦਾ ਸਗੋਂ ਸੁਸਾਇਟੀ ਤੋਂ ਉਚੇਰੇ ਹੋ ਕੇ ਕਲਾਕਾਰ ਆਪਣੇ ਵਡੇਰੇਪਨ ਤੋਂ ਸੁਸਾਇਟੀ ਦੀਆਂ ਵਕਤੀ ਮੁਸ਼ਕਿਲਾਂ ਦਾ ਝਲਕਾਰਾ ਲੈਂਦਾ ਰਹੇ। ਬਿਮਾਰੀ ਦੀ ਨਬਜ਼ ਪਛਾਣੇ ਅਤੇ ਉਸ ਦਾ ਸਿੱਧਾ ਜਾਂ ਅਸਿੱਧਾ ਇਲਾਜ ਆਪਣੀ ਕਲਾ ਰਾਹੀਂ ਵਿਕਸਿਤ ਕਰਦਾ ਰਹੇ, ਤਾਂ ਜੋ ਸੁਸਾਇਟੀ ਦੇ ਟੋਏ ਟਿੱਬੇ ਭਰਦੇ ਰਹਿਣ ਅਤੇ ਮਨੁੱਖਤਾ ਦੀ ਸੁਭਾਵਿਕ ਰਵਾਨੀ ਕਾਇਮ ਰਹੇ।

ਇਕ ਜਾਪਾਨੀ ਸੂਝਵਾਨ ਦਾ ਕਥਨ ਹੈ : ਇਕ ਮਾਲਕ ਕੋਲ ਹਮੇਸ਼ਾ ਕੁਝ ਨਾ ਕੁਝ ਦੇਣ ਨੂੰ ਹੁੰਦਾ ਹੈ, ਪਰ ਅਸੀਂ ਭੁੱਖੇ ਕੇਵਲ ਇਸ ਲਈ ਰਹਿ ਜਾਂਦੇ ਹਾਂ ਕਿ ਸਾਡੇ ਆਪਣੇ ਵਿਚ 'ਵਾਹ ਵਾਹ' ਕਰਨ ਦੀ ਘਾਟ ਹੁੰਦੀ ਹੈ। ਇਹ ਸਗੋਂ ਆਤਮਾ ਹੈ ਨਾ ਕਿ ਹੱਥ, ਮਨੁੱਖ ਹੈ ਨਾ ਕਿ ਉਸ ਦੇ ਢੰਗ, ਜੋ ਸਾਨੂੰ ਚੰਗੇ ਲਗਦੇ ਹਨ। ਜਿੰਨੀ ਦਿਲ ਦੀ ਚੰਗਿਆਈ ਵਿਚੋਂ ਨਿਕਲੀ ਹੋਈ ਪੁਕਾਰ ਹੋਵੇਗੀ ਓਨਾ ਹੀ ਚੰਗਾ ਸਾਡਾ ਉੱਤਰ ਹੋਵੇਗਾ।

ਕਲਾ ਬਾਰੇ ਜੋ ਮੈਨੂੰ ਸਭ ਤੋਂ ਚੰਗੀ ਵਿਆਖਿਆ ਮਿਲੀ ਹੈ ਉਹ ਵਿੱਲ ਡਿਉਰੈਂਟ ਦੇ ਸ਼ਬਦਾਂ ਵਿਚ ਮਿਲੀ ਹੈ ਕਿ 'ਕਲਾ ਕੁਦਰਤ ਅਤੇ ਵਿਅਕਤੀਤਵ ਦਾ ਸੁਮੇਲ ਹੈ।' ਜਿਸ ਤਰ੍ਹਾਂ ਵੈਦ ਲੋਕ ਕੁਦਰਤੀ ਜੜੀ ਬੂਟੀਆਂ ਰਾਹੀਂ ਆਪਣੀ ਸੂਝ ਬੂਝ ਦੇ ਆਧਾਰ 'ਤੇ ਬਿਮਾਰ ਦਾ ਇਲਾਜ ਕਰਦੇ ਸਨ ਉਹ ਉਨ੍ਹਾਂ ਦੀ ਸੂਝ ਬੂਝ ਦੀ ਡਿਗਰੀ ਦੀ ਸਮਰਥਾ ਉਤੇ ਅਧਾਰਿਤ ਹੁੰਦਾ ਹੈ ਇਸੇ ਤਰ੍ਹਾਂ ਕਲਾਕਾਰ ਦੀ ਕੁਦਰਤੀ ਉਦਾਹਰਨਾਂ ਦੇ ਕੇ ਮਾਨਸਿਕ ਰੋਗੀਆਂ ਦਾ ਇਲਾਜ ਕਰਦਾ ਹੈ। ਪਰ ਜਿੱਡਾ

ਵੱਡਾ ਆਦਮੀ ਕਲਾ ਦੇ ਪਿਛੇ ਹੋਵੇਗਾ, ਓਨਾ ਹੀ ਜ਼ਿਆਦਾ ਉਸ ਦੀ ਕਲਾ ਕ੍ਰਿਤ ਰਾਹੀਂ ਇਲਾਜ ਹੋਵੇਗਾ।

ਹਜ਼ਰਤ ਮਸੀਹ ਨੇ ਕਿਹਾ ਸੀ ਕਿ ਖ਼ੁਦਾ ਨੇ ਆਪਣੇ ਪਰਛਾਵੇਂ ਵਿਚ ਵਿਅਕਤੀ ਬਣਾਏ ਪਰ ਪਰਛਾਵਾਂ ਤਾਂ ਈਸ਼ਵਰ ਦਾ ਆਪਣਾ ਕੋਈ ਨਹੀਂ, ਫਿਰ ਆਪਣੇ ਪਰਛਾਵੇਂ ਵਿਚ ਕਿਵੇਂ ਬਣਾਏਗਾ। ਉਨ੍ਹਾਂ ਦਾ ਅਸਲ ਭਾਵ ਇਹ ਲੱਗਦਾ ਹੈ ਕਿ ਇਨਸਾਨ ਦੇ ਗੁਣ ਆਖਰ ਈਸ਼ਵਰੀ ਗੁਣ ਹੋ ਜਾਣ ਜੋ ਸਤਿਅਮ, ਸ਼ਿਵਮ ਅਤੇ ਸੁੰਦ੍ਰਮ ਹਨ। ਫਿਰ ਪਾਣੀ ਤੋਂ ਬਣੀ ਭਾਫ਼ ਤੇ ਬਰਫ਼ ਆਖਰ ਠੰਢੀ ਹੋ ਕੇ ਤੇ ਪਿਘਲ ਕੇ ਪਾਣੀ ਬਣ ਜਾਣ, ਈਸ਼ਵਰ ਦੇ ਗੁਣਾਂ ਵਿਚ ਲੀਨ ਹੋ ਕੇ ਉਨ੍ਹਾਂ ਨੂੰ ਸਾਕਾਰ ਕਰਨ।

ਕਵੀ ਐਮਰਸਨ ਦੇ ਵਿਚਾਰ ਹਨ:

ਬਹੁਤ ਸਾਰੇ ਅਜਿਹੇ ਵਿਅਕਤੀ ਜਿਵੇਂ ਕਿ ਚਿੱਤਰਕਾਰ, ਕਵੀ, ਗਵੱਈਏ ਅਤੇ ਕਲਾਕਾਰ ਜਿਨ੍ਹਾਂ ਦਾ ਪੇਸ਼ਾ ਹੀ ਸੁੰਦਰਤਾ ਨੂੰ ਵਰਨਣ ਕਰਨ ਦਾ ਸੀ, ਦੂਜਿਆਂ ਦੇ ਮੁਕਾਬਲੇ ਐਸ਼ੋ ਇਸ਼ਰਤ ਦਾ ਜੀਵਨ ਬਤੀਤ ਕਰਨ ਦੀ ਉਨ੍ਹਾਂ ਦੀ ਆਦਤ ਬਣ ਗਈ। ਉਨ੍ਹਾਂ 'ਚੋਂ ਬਹੁਤ ਥੋੜੇ ਹਨ ਜਿਨ੍ਹਾਂ ਨੇ ਸੱਚਾ ਮਿਠਾਸ ਪ੍ਰਾਪਤ ਕੀਤਾ, ਅਜਾਦੀ ਤੋਂ ਨਿਖੜਨ ਦਾ ਇਹ ਇਕ ਅਜੀਬ ਢੰਗ ਸੀ ਤੇ ਇਕ ਛੁਟਕਾਰਾ ਸੀ, ਸਵਰਗਾਂ ਵਿਚ ਜਾਣ ਦੀ ਨਹੀਂ, ਪ੍ਰੰਤੂ ਨਰਕ ਵਿਚ ਜਾਣ ਦੀ ਖੁੱਲ੍ਹ। ਉਨ੍ਹਾਂ ਨੂੰ ਉਸ ਲਾਭ ਦੀ ਸਜ਼ਾ ਮਿਲੀ ਸੀ ਜੋ ਉਨ੍ਹਾਂ ਨੇ ਆਪਣੇ ਆਪ ਨੂੰ ਭਿੰਨ ਭਿੰਨ ਕਰਕੇ ਅਤੇ ਆਪ ਨੂੰ ਹੇਠਾਂ ਗਿਰਾ ਕੇ ਪ੍ਰਾਪਤ ਕੀਤਾ। ਪਰ ਇਕ ਗੱਲ ਜ਼ਰੂਰ ਹੈ ਕਿ ਅਸੀਂ ਕਦੇ ਵੀ ਚਾਲਾਕੀ ਨਾਲ ਕੁਦਰਤ ਤੋਂ ਲਾਭ ਨਹੀਂ ਉਠਾ ਸਕਦੇ (ਕੁਦਰਤ ਤੇ ਕਾਬੂ ਨਹੀਂ ਪਾ ਸਕਦੇ)। ਦੁਨੀਆਂ ਦੀ ਰੂਹ ਬਣਾਉਣ ਵਾਲੇ ਦੀ ਮਹਾਨ ਸ਼ਾਂਤੀ ਅਫ਼ੀਮ ਖਾਣ ਅਤੇ ਸ਼ਰਾਬ ਪੀਣ ਵਾਲਿਆਂ ਦੀ ਜਾਦੂਗਰੀ ਤੋਂ ਪ੍ਰਾਪਤ ਨਹੀਂ ਹੁੰਦੀ। ਰੂਹਾਨੀ ਚਮਤਕਾਰ ਤਾਂ, ਸਾਦਾ ਅਤੇ ਪਵਿੱਤਰ ਆਤਮਾ ਨੂੰ ਇਕ ਸਾਫ਼ ਸੁਥਰੇ ਅਤੇ ਨੇਕ ਸਰੀਰ ਵਿਚ ਰਹਿ ਕੇ ਹੀ ਪ੍ਰਾਪਤ ਹੋ ਸਕਦਾ ਹੈ।

ਮਨੁੱਖੀ ਸਾਧਨਾਂ ਲਈ ਥੋਰਿਓ ਲਿਖਦੇ ਹਨ : ਜੋ ਕੋਈ ਵਿਅਕਤੀ ਆਪਣੀ ਤੀਬਰ ਬੁੱਧੀ ਦੇ ਬਹੁਤ ਮੱਧਮ ਪ੍ਰੰਤੂ ਲਗਾਤਾਰ ਸੁਝਾਵਾਂ ਨੂੰ ਜੋ ਕਿ ਨਿਸ਼ਚੇ ਹੀ ਸੱਚੇ ਹਨ, ਸੁਣਦਾ ਰਹਿੰਦਾ ਹੈ, ਉਹ ਇਹ ਨਹੀਂ ਵੇਖਦਾ ਕਿ ਇਹ ਉਸਨੂੰ ਕਿਸ ਹੱਦ ਤੱਕ ਅਤੇ ਕਿਸ ਪਾਗਲਪਨ ਤੱਕ ਲੈ ਜਾਂਦੇ ਹਨ। ਫਿਰ ਵੀ ਉਸੇ ਤਰੀਕੇ ਨਾਲ ਉਸ ਦਾ ਇਰਾਦਾ ਬਲਵਾਨ ਹੋ ਜਾਂਦਾ ਹੈ ਅਤੇ ਵਫ਼ਾਦਾਰ ਬਣ ਜਾਂਦਾ ਹੈ। ਉਸੇ ਪਾਸੇ ਉਸ ਦਾ ਰਸਤਾ ਹੈ। ਸਿਥਲ ਤੋਂ ਸਿਥਲ ਵਿਸ਼ਵਾਸ ਦਿਵਾਉਣ ਵਾਲਾ ਇਤਰਾਜ਼, ਜੋ ਇਕ ਤੰਦਰੁਸਤ ਆਦਮੀ ਮਹਿਸੂਸ ਕਰਦਾ ਹੈ, ਉਹ ਆਖਰਕਾਰ ਮਨੁੱਖ ਦੀਆਂ ਦਲੀਲਾਂ ਅਤੇ ਰੀਤੀ ਰਿਵਾਜ਼ਾਂ ਉਤੇ ਕਾਬੂ ਪਾ ਲਵੇਗਾ। ਕੋਈ ਆਦਮੀ ਕਦੇ ਆਪਣੀ ਅਕਲ ਪਿਛੇ ਨਹੀਂ ਲੱਗਿਆ ਜਦੋਂ ਤੱਕ ਇਸ ਨੇ ਉਸਨੂੰ ਗੁੰਮਰਾਹ ਨਾ ਕੀਤਾ ਹੋਵੇ। ਭਾਵੇਂ ਸਿੱਟੇ ਸਰੀਰਕ ਕਮਜ਼ੋਰੀ ਕਰਕੇ ਸਨ, ਫਿਰ ਵੀ ਸ਼ਾਇਦ ਕੋਈ ਨਹੀਂ ਕਹਿ ਸਕਦਾ ਕਿ ਉਨ੍ਹਾਂ ਸਿੱਟਿਆਂ ਲਈ ਪਛਤਾਉਣਾ ਪਵੇਗਾ, ਕਿਉਂਕਿ ਇਹ ਇਕ ਅਜਿਹਾ ਜੀਵਨ ਸੀ ਜੋ ਕਿ ਉਚ ਆਦਰਸ਼ਾਂ ਨਾਲ ਮੇਲ ਖਾਂਦਾ ਸੀ। ਜੇ ਦਿਨ ਤੇ ਰਾਤ ਅਜਿਹੇ ਹਨ ਜਿਨ੍ਹਾਂ ਦਾ ਤੁਸੀਂ ਖ਼ੁਸ਼ੀ ਨਾਲ ਸਵਾਗਤ ਕਰਦੇ ਹੋ ਤੇ ਜੀਵਨ ਵਿਚੋਂ ਫੁੱਲਾਂ ਦੀ ਤਰ੍ਹਾਂ ਖ਼ੁਸ਼ਬੂ ਨਿਕਲਦੀ ਹੈ, ਮਿੱਠੀ ਮਹਿਕ ਦੇਣ ਵਾਲੀਆਂ ਝਾੜੀਆਂ ਜ਼ਿਆਦਾ ਲਚਕਦਾਰ ਤੇ ਚਮਕਦਾਰ ਹਨ ਅਤੇ ਕਦੇ ਨਾ ਮਰਨ ਵਾਲੀਆਂ ਹਨ ਤਾਂ ਇਹੋ ਤੁਹਾਡੀ ਸਫ਼ਲਤਾ ਹੈ। ਸਾਰੀ ਕੁਦਰਤ ਤੁਹਾਡੀ ਵਧਾਈ ਦੀ ਪਾਤਰ ਹੈ।

ਕਲਾ, ਮੇਰੀ ਨਹੀਂ ਸਗੋਂ 'ਵਾਹਿਗੁਰੂ' ਦੀ ਹੈ। ਮੈਂ ਇਸ ਰੂਹਾਨੀ ਸ਼ਕਤੀ ਦਾ ਹਥਿਆਰ ਹਾਂ। ਕਾਸ਼! ਮੇਰੀ ਇਹ ਯਾਰੀ ਨਿਭਦੀ ਤੇ ਪਲਦੀ ਰਹੇ। ਪੰਜਾਬ ਨੂੰ ਚਿਤਰਨ ਲਈ ਕਲਾਕਾਰਾਂ ਕੋਲ ਬੜਾ ਵੱਡਾ ਖ਼ਜ਼ਾਨਾ, ਸੰਤ ਮਹਾਤਮਾ, ਯੋਧੇ, ਪ੍ਰੇਮੀ, ਕਾਮੇ ਅਤੇ ਸਿਆਸੀ ਤੇ ਧਾਰਮਿਕ ਘਟਨਾਵਾਂ ਹਨ। ਪਰ ਗੁਰੂ ਸਾਹਿਬਾਨ ਦੇ ਗੁਣਾਂ ਨੂੰ ਚਿੱਤਰਾਂ ਰਾਹੀਂ ਸਾਕਾਰ ਕਰਨਾ ਕੋਈ ਆਸਾਨ ਕੰਮ ਨਹੀਂ, ਸਗੋਂ ਕੁੱਜੇ ਵਿਚ ਸਮੁੰਦਰ ਬੰਦ ਕਰਨ ਤੋਂ ਘੱਟ ਨਹੀਂ।

ਕਲਾ ਨਾ ਤੇ ਸ਼ਕਲਾਂ ਰਾਹੀਂ ਸਿਖਾਈ ਜਾ ਸਕਦੀ ਹੈ ਅਤੇ ਨਾ ਹੀ ਕਿਸੇ ਹੋਰ ਉਪਰਾਲੇ ਰਾਹੀਂ। ਇਹ ਕੇਵਲ ਸ਼ੌਕ ਹੀ ਨਹੀਂ, ਲਗਨ ਹੀ ਨਹੀਂ, ਸਟਾਈਲ ਹੀ ਨਹੀਂ, ਸਗੋਂ ਆਪਣੇ ਆਪ ਵਿਚ ਭਰਪੂਰ ਗੁਣ ਹੈ, ਜਿਸ ਨੂੰ ਵਿਕਸਿਤ ਹੋਣ ਲਈ ਜਨਮ ਲਗਦੇ ਹਨ।

ਇਹ ਵਿਕਾਸ ਦੀ ਉੱਚ ਪੱਧਰ ਹੈ। ਅਥਾਹ, ਬੇਪਰਵਾਹ, ਅਗੰਮ ਹੈ। ਇਹ ਪਰਿਭਾਸ਼ਤ ਨਹੀਂ ਕੀਤੀ ਜਾ ਸਕਦੀ।

ਇਹ 'ਨਦਰ' ਹੈ ਜੋ ਸਾਨੂੰ ਮੋਕਸ਼ ਦੇ ਦੁਆਰ ਤੱਕ ਲਿਜਾ ਸਕਦੀ ਹੈ। ਦੂਜੇ ਪ੍ਰਾਣੀਆਂ ਅੰਦਰ ਕਲਾ ਰਾਹੀਂ ਨਦਰ ਦੀ ਜੋਤ ਜਗਾ ਸਕਦੀ ਹੈ। ਈਸ਼ਵਰੀ ਗੁਣਾਂ ਨੂੰ ਸਾਕਾਰ ਕਰ ਸਕਦੀ ਹੈ। ਕਲਾਕਾਰ ਦਾ ਫਰਜ਼ ਹੈ ਕਿ ਉਹ ਉਚੇ ਪੱਧਰ ਤੇ ਜੀਉਂਦੇ ਤੇ ਜੀਉ ਗਏ ਜੀਵੜਿਆਂ ਦੇ ਦ੍ਰਿਸ਼ਟਾਂਤ (ਉਦਾਹਰਣ) ਦੇ ਕੇ ਇਨਸਾਨ ਭਰਾਵਾਂ ਦੀ ਆਸ ਬੰਨ੍ਹਾਵੇ। ਇਹ ਆਪਣੀ ਕਲਾ ਰਾਹੀਂ ਦਰਸਾਵੇ ਕਿ ਇਉਂ ਇਨਸਾਨ ਨੂੰ ਹੋਣਾ ਚਾਹੀਦਾ ਹੈ, ਹੁੰਦਾ ਰਿਹਾ ਹੈ ਅਤੇ ਹੋ ਸਕਦਾ ਹੈ। ਕਲਾਕਾਰ ਲਹੂ ਨਾਲ ਆਪਣੀਆਂ ਕੈਨਵਸਾਂ ਨਾ ਭਰੇ। ਇਹ ਠੀਕ ਹੈ ਕਿ ਜ਼ੁਲਮ ਜ਼ਬਰ ਇਕ ਅਜ਼ਲੀ ਅਵਗੁਣ ਹੈ, ਪਰ ਉਸਨੂੰ ਕਿਉਂ ਬਾਰ ਬਾਰ ਯਾਦ ਕਰਵਾਇਆ ਜਾਵੇ। ਜਿਨ੍ਹਾਂ ਜ਼ੁਲਮ ਕੀਤੇ ਹਨ ਉਨ੍ਹਾਂ ਦਾ ਲਹੂ ਭੀ ਖੌਲੇਗਾ। ਜਿਨ੍ਹਾਂ ਉਤੇ ਜ਼ੁਲਮ ਹੋਏ ਹਨ, ਉਨ੍ਹਾਂ ਦਾ ਵੀ। ਇਨਸਾਨ ਭਰਾਵਾਂ 'ਚ ਈਰਖਾ ਵਧੇਗੀ, ਤ੍ਰੇੜਾਂ ਪੈਣਗੀਆਂ ਅਤੇ ਜ਼ੁਲਮ ਪਲੇਗਾ। ਉਹ ਕੁਝ ਬਣਾਈਏ ਜਿਸ ਨਾਲ ਖੁਸ਼ੀ ਵਧੇ, ਆਸ ਪਲੇ, ਪਿਆਰ ਵਧੇ ਅਤੇ ਇਕ ਦੂਜੇ ਲਈ ਸਤਿਕਾਰ ਵਧੇ। ਤ੍ਰੇੜਾਂ ਪਾਉਣ ਵਾਲੇ ਅਨਸਰਾਂ ਦਾ ਦਾਇਰਾ ਬਹੁਤ ਵੱਡਾ ਹੈ ਅਤੇ ਅੱਜ ਕਲ੍ਹ ਪੂਰੇ ਜ਼ੋਰਾਂ 'ਤੇ ਹੈ। ਜੇ ਉਹ ਆਪਣਾ ਸੁਭਾਉ ਨਹੀਂ ਛੱਡਦੇ ਤਾਂ ਅਸੀਂ ਆਪਣਾ ਧਰਮ ਕਿਉਂ ਛੱਡੀਏ?

ਪੁਸਤਕ 'ਕਲਾ ਵਾਹਿਗੁਰੂ ਦੀ' ਵਿਚੋਂ ਧੰਨਵਾਦ ਸਹਿਤ

A candle loses nothing by lighting another candle.
Just reach out and touch someone's life and brighten up his or her day each and every day.

▲▲▲▲▲▲▲

Patience and perseverance have a magical effect before which difficulties disappear and obstacles vanish.

▲▲▲▲▲▲▲

In life, when you get troubles, don't get so nurves,
Just close your eyes and follow your heart.
Because though heart is in left, but it always says right.

▲▲▲▲▲▲▲

The single finger which wipes out tears during your failure is much better than the ten fingers which together to clap for your victory.

ਕਿਥੈ ਕੂਕਣਿ ਜਾਉ

ਕਰਤਾਰ ਸਿੰਘ ਨੀਲਧਾਰੀ

ਮਨ ਮਹਿ ਚਿਤਵਉ ਚਿਤਵਨੀ
ਉਦਮੁ ਕਰਉ ਉਠਿ ਨੀਤ॥
ਹਰਿ ਕੀਰਤਨ ਕਾ ਆਹਰੋ
ਹਰਿ ਦੇਹੁ ਨਾਨਕ ਕੇ ਮੀਤ॥ (ਪੰਨਾ 519)

"ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ" ਦੀ ਹਕੀਕਤ ਦਾ ਇਹ ਵਰਤਾਰਾ ਗੁਰੂ ਬਾਬੇ ਦੇ ਸਿੱਖ ਧਰਮ ਪ੍ਰਕਾਸ਼ ਵਿਚ (ਚੜਿਆ ਸੋਧਨ ਧਰਤਿ ਲੋਕਾਈ) ਉਪਰਾਲੇ ਦਾ ਨਿੱਗਰ ਸਿਧਾਂਤ ਹੀ ਬਣ ਸਵੈ ਸਿੱਧ ਹੈ ਕਿ ਸਿੱਖ ਕਹਿਲਾ ਕੇ ਹੀ ਗੁਰੂ ਵਾਲਾ ਹੋਣ ਦੀ ਉਪਮਾ ਜੁੜ ਜਾਂਦੀ ਹੈ। ਗੁਰਪ੍ਰਸਾਦਿ ਪ੍ਰਾਪਤ ਕਰਨ ਲਈ ਜ਼ਰੂਰੀ ਗੁਰਮਤਿ ਗੁਰਬਾਣੀ ਸੱਦਾ ਦੇ ਰਹੀ ਹੈ *(ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥)* ਅਤੇ ਇਸ ਗੁਰਮਤਿ ਅਨੁਸਾਰ ਹੀ ਮਨੁੱਖੀ ਜੀਵਨ ਨੂੰ ਗੁਰ ਸਿੱਖੀ ਆਚਾਰ ਵਿਚ ਚਾਨਣ ਦੀ ਲੋੜ ਹੁੰਦੀ ਹੈ। ਗੁਰਬਾਣੀ ਨੂੰ ਸ਼ਲੋਕਾਂ ਦੇ ਰਾਗ ਰਹਿਤ ਰੂਪ ਵਿਚ ਗੁਰੂ ਬਾਬੇ ਨੇ ਕਈ ਵਾਰ ਪ੍ਰਗਟ ਕਰਕੇ ਲੋਕਾਈ ਨੂੰ ਰਬਾਬ ਦੀਆਂ ਸੰਗੀਤ ਸੁਰਾਂ ਵਿਚ ਰਾਗਾਂ ਦੇ ਸਮੇਂ ਦੀ ਸ਼ਾਸ਼ਤ੍ਰੀ ਮਰਯਾਦਾ ਅਨੁਸਾਰ ਸਮੇਂ ਦੇ ਅਨੁਕੂਲ ਮਰਯਾਦਿਤ ਰਾਗ ਵਿਚ ਨਿਰੰਕਾਰੀ ਉਪਦੇਸ਼ ਅਨੁਸਾਰ ਪ੍ਰਦਾਨ ਕਰਕੇ ਮਗਰੋਂ ਕੀਰਤਨ ਨੂੰ ਹੀ ਗੁਰ ਸਿੱਖ ਦੇ ਮਾਨਸਿਕ ਪ੍ਰੀਵਰਤਨ ਅਤੇ ਆਤਮ ਸ਼ੋਧ ਦਾ ਨਿਤਨੇਮ ਬਣਾ ਦਿੱਤਾ ਹੈ। ਕੀਰਤਨ ਅੱਖਰ ਜੋੜ ਦਾ ਅਰਥ ਪ੍ਰਭੀ ਦੀ ਕੀਰਤ (ਬਾਣੀ ਪਾਠ, ਗੁਣ ਗਾਣ, ਕਥਾ-ਪ੍ਰਸੰਗ, ਸਾਖੀਆਂ) ਨਾਲ ਈ ਜੁੜਦਾ ਹੈ ਪਰ ਜਦੋਂ ਗਾਵੇ ਦੀ ਚਰਚਾ ਹੁੰਦੀ ਹੈ ਤਾਂ ਫੇਰ ਸੰਗੀਤ ਬੱਧ ਸ਼ਬਦ ਕੀਰਤਨ ਦਾ ਅਰਥ ਹੀ ਸਪਸ਼ਟ ਸਿੱਧ ਹੁੰਦਾ ਹੈ। ਗੁਰ ਰਤਨਮਾਲ ਅਰਥਾਤ ਸੌ ਸਾਖੀ ਵਿਚੋਂ ਕੀਰਤਨ ਦੀ ਉਪਮਾ (ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ 19 ਸਾਖੀ 11 ਅਨੁਸਾਰ) ਸਪਸ਼ਟ ਤੇ ਸਰਬੋਤਮ ਦੱਸੀ ਗਈ ਹੈ।

ਕੀਰਤਨ ਤੇ ਪਾਠ ਅੰਤਰ: ਏਕ ਬੇਰਿ ਗੁਰੂ ਜੀ ਕੇ ਅਗਾੜੀ ਦਿਵਾਨ ਵਿਚ ਸਿੱਖ ਸ਼ਬਦ ਦੀ ਭਾਵਨਾ ਵਾਲਾ ਬੋਲਿਆ ਗੁਰੂ ਜੀ ਸੱਚੇ ਪਾਤਸ਼ਾਹ ਮੇਰੀ ਫਰਿਆਦ ਹੈ। ਰਾਗੀਆਂ ਸਿੱਖਾਂ ਕੀ। ਜੀ ਪਾਤਸ਼ਾਹਿ ਪ੍ਰਭਾਤਿ ਮੈ ਸੁਖਮਨੀ ਪੜ੍ਹਦਾ ਸਾਂ ਇਕ ਅਸ਼ਟਪਦੀ ਰਹਿੰਦੀ ਸੀ। ਮੈਂ ਕਹਿ ਰਹਿਆ ਭੋਗ ਪਾਇ ਲਵਾਂ ਤਾਂ ਤੁਸੀਂ ਪਿਛੋਂ ਕੀਰਤਨ ਕਰਨਾ। ਮੇਰੇ ਕਹਿੰਦਿਆਂ ਹੀ ਸ਼ਬਦ ਲੱਗੇ ਪੜਨ। ਮੈਨੂੰ ਭੋਗ ਨਾ ਪਾਵਨ ਦਿੱਤਾ। ਮੈਂ ਕਹਿਆ ਹਜ਼ੂਰ ਫਰਿਆਦ ਕਹਿ ਕੇ ਤਨਖਾਹੀਆ ਕਰਾਮਾਂ। ਸਚੇ ਪਾਤਸਹਿ ਮੇਰਾ ਨਿਆਇ ਕਰਣਾ। ਤਾਂ ਗੁਰੂ ਜੀ ਹਸ ਕਰਿ ਬੋਲੇ ਭਾਈ ਸਿਖਾ ਤਿਨਾਂ ਰਾਗੀਆਂ ਨੂੰ ਤੁਨਖਾਹੁ ਨਾਹੀਂ

ਹਰ ਜਸ ਸੁਨਤੇ ਬਾਤ ਚਲਾਵੈ॥
ਵਹੁ ਤਨਖਾਹੀਆ ਬਡਾ ਕਹਾਵੈ॥

ਭਾਈ ਸਿੱਖਾ, ਤੂੰ ਸੰਗਤ ਨੂੰ ਚਬੀਣੀ (ਭੁੱਜੇ ਦਾਣੇ) ਛਕਾਵਦਾਂ ਸੀ। ਅਤੇ ਰਾਗੀ ਲਗੇ (ਕੜਾਹ) ਪ੍ਰਸਾਦ ਛਕਾਵਨ। ਇਨ੍ਹਾਂ ਨੂੰ ਗੁਰੂ ਕੀ ਖੁਸ਼ੀ ਹੂਈ"

ਕਲਿਜੁਗ ਕੀਰਤਨ ਨਾਮ ਅਧਾਰਾ

ਭਾਈ ਜੋ ਕੋਈ ਗੁਰੂ ਦੀ ਭਾਨੀ ਕਰਕੇ ਸ਼ਬਦ ਕੀਰਤਨ ਪੜੇਗਾ, ਸੰਸਾਰ ਤੇ ਮੁਕਤ ਹੋਏਗਾ। ਗੁਰੂ ਨਾਲ ਬਣ ਆਏਗੀ। ਬੰਧਨ ਤੂਟੈਗੇ ਗੁਰ ਪ੍ਰਸਾਦਿ" ਸੰਗਤਿ ਸਵ ਨਿਸਚੇ ਭਰੀ ਗੁਰ ਕੀ ਸਰਣੀ ਆਇ। ਈਆ ਭਗਤਿ ਆਗੈ ਮੁਕਤਿ ਮਾਰਗ ਭੇਦ ਬਤਾਏ "ਬੋਲੋ ਜੀ ਵਾਹਿਗੁਰੂ"॥

ਰਾਗ ਸੰਗੀਤ ਵਿਚ ਕੀਰਤਨ ਕਰਨ ਵਾਲਾ ਗੁਰੂ ਦੀ ਸੰਗਤਿ ਨੂੰ ਕੜਾਹ ਪ੍ਰਸਾਦਿ ਛਕਾਂਵਦਾ ਹੈ। ਤਨ ਆਹਾਰ ਦੇ ਰੂਪ ਵਿਚ ਕੜਾਹ ਪ੍ਰਸਾਦਿ ਰੂਪੀ ਅੰਮ੍ਰਿਤ ਭੋਜਨ ਵਰਗਾ ਹੋਰ ਕੋਈ ਆਹਾਰ ਨਹੀਂ। ਛੱਤੀ ਪ੍ਰਕਾਰ ਦੇ ਵਿਅੰਜਨਾਂ ਤੋਂ ਨਿਆਰੇ ਕੜਾਹ ਪ੍ਰਸਦਿ ਨੂੰ ਛਕਣ ਲਈ ਦੰਦਾਂ ਦੀ ਲੋੜ ਨਹੀਂ ਤੇ ਹਜ਼ਮ ਕਰਨ ਲਈ ਆਂਤੜੀਆਂ ਤੇ ਜ਼ੋਰ ਨਹੀਂ। ਆਤਮ ਸੋਧ ਅਤੇ ਆਤਮ ਪ੍ਰਵੇਸ਼ ਲਈ ਕੀਰਤਨ ਹੀ ਸਰਬੋਤਮ ਰਾਜਯੋਗ ਮਾਰਗ

ਹੈ। ਇਸ ਤੱਥ ਸਿਧਾਂਤ ਦੀ ਪ੍ਰਮਾਣਿਕਤਾ ਸਾਰੇ ਰਿਸ਼ੀਆਂ ਰਾਜ ਰਿਸ਼ੀਆਂ ਤੇ ਬ੍ਰਹਮਰਿਸ਼ੀਆਂ ਵਿਚੋਂ, ਦੇਵ ਰਿਸ਼ੀ ਉਪਮਾ ਨਾਲ ਜਾਣੇ ਜਾਂਦੇ ਇਕੋ ਇਕ ਨਾਰਦ ਮੁਨੀ ਹਨ, ਜੋ ਅੱਠੇ ਪਹਿਰ ਪ੍ਰਭੂ ਨਾਮ ਦਾ ਕੀਰਤਨ(ਸਿਮਰਨ) ਵੀਣਾ ਵਾਦਨ ਅਤੇ ਸੰਗੀਤ ਨਾਲ ਕਰਦੇ ਹਨ। ਇਸ ਕੀਰਤਨ ਕਰਨ ਦੇ ਪ੍ਰਤਾਪ ਨਾਲ ਹੀ ਹਰੇਕ ਦੇਵ ਲੋਕ ਵਿਚ ਬਿਨਾਂ ਰੋਕ ਟੋਕ ਪ੍ਰਵੇਸ਼ ਕਰਨ ਵਿਚ ਸਮਰਥ ਹਨ। ਸ਼ਾਸ਼ਤਰਾਂ ਅਨੁਸਾਰ ਮਹਾਂ ਵਿਸ਼ਨੂੰ (ਬ੍ਰਹਮ) ਭਗਵਾਨ ਤੋਂ ਬਾਰਾਂ ਕੋਹ ਦੂਰ ਖੜੇ ਹੋ ਕੇ ਹੀ ਬ੍ਰਹਮਾ ਜੀ ਅਰਦਾਸ ਕਰ ਸਕਦੇ ਹਨ ਪਰ ਨਾਰਦ ਜੀ ਬਿਲਕੁਲ ਨੇੜੇ ਕੋਲ ਜਾ ਕੇ ਵੀ ਕੀਰਤਨ ਕਰਕੇ ਮਹਾਂ ਪ੍ਰਭੂ ਨੂੰ ਪ੍ਰਸੰਨ ਕਰਨ ਵਾਲੇ ਭਗਤ ਮੰਨੇ ਗਏ ਹਨ। ਉਪਮਾ ਰੂਪਕ ਅਨੁਸਾਰ ਇਸ ਪ੍ਰਸੰਗ ਨੂੰ ਗੁਰਬਾਣੀ ਧਰਾਤਲ ਤੇ ਵਿਚਾਰਿਆ ਜਾਏ ਤਾਂ ਰਹੱਸਵਾਦੀ ਗਿਆਨ ਇਹੋ ਮਿਲਦਾ ਹੈ ਕਿ ਕੀਰਤਨ ਕਰਦੇ ਹੋਏ ਅਨਾਹਦ ਨਾਦ ਰੂਪੀ ਉਸ ਪਰਮੇਸ਼ਰੀ ਕੀਰਤਨ ਨੂੰ ਸੁਣਨ ਦੀ ਸਮਰਥਾ ਪੈਦਾ ਕੀਤੀ ਜਾਵੇ। ਉਸ ਕੀਰਤਨ ਮੰਡਲ ਵਿਚ ਪੰਜ ਸ਼ਬਦ ਧੁਨਿਕਾਰ ਹੁੰਦੀ ਹੈ ਅੱਖਰੀ ਬਾਣੀ ਗੁਪਤ ਹੁੰਦੀ ਹੈ।

ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ
ਅਨਹਦ ਸਬਦੁ ਵਜਾਇਆ॥
ਤਨੁ ਮਨੁ ਨਿਰਮੁਲ ਨਿਰਮੁਲ ਬਾਣੀ
ਸਚੇ ਸਚਿ ਸਮਾਇਆ॥ (602)

ਕਮਲ ਪ੍ਰਕਾਸ਼ ਤ੍ਰਿਕੁਟੀ ਖੁੱਲਣ ਨਾਲ ਹੁੰਦਾ ਹੈ ਅਤੇ ਜਦੋਂ ਪ੍ਰਭੂ ਰੰਗ ਰਾਤੇ ਕੀਰਤਨੀਏ ਨੂੰ ਦੇਹਾਤੀਤ ਅਨੰਦ ਦਾ ਇਹ ਸਦੀਵੀਂ ਪ੍ਰਕਾਸ਼ ਮਿਲ ਜਾਂਦਾ ਹੈ। ਤਾਂ ਅਨਹਦ ਸ਼ਬਦ ਵੱਜਣਾ ਸ਼ੁਰੂ ਹੋ ਜਾਂਦਾ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਤਨ ਤੇ ਮਨ ਦੀ ਪੂਰਨ ਨਿਰਮਲਤਾ ਦੇ ਨਾਲ ਬਾਣੀ ਦੀ ਨਿਰਮਲਤਾ ਜ਼ਰੂਰੀ ਹੈ ਅਤੇ ਕੀਰਤਨ ਕਰਦੇ ਹੋਏ ਕੀਰਤਨੀਆਂ ਜਾਂ ਸ੍ਰੋਤਾ ਜਦੋਂ ਮਨ ਦੀ ਹਾਜ਼ਰੀ ਨਾਲ ਕੀਰਤਨ ਕਰਦਾ ਜਾਂ ਸੁਣਦਾ ਹੈ ਤਾਂ ਇਹ ਤਿੰਨੋ ਨਿਰਮਲਤਾਵਾਂ ਇਕੱਠੀਆਂ ਪ੍ਰਾਪਤ ਹੋ ਜਾਂਦੀਆਂ ਹਨ ਉਸ ਵੇਲੇ ਗੁਰਬਾਣੀ ਕੀਰਤਨ, ਕੀਰਤਨੀਆਂ ਜਾਂ ਸਰੋਤਾ ਸਤਿਗੁਰੂ ਤੇ ਸਤਿ ਪਰਮੇਸ਼ਰ ਇਕੋ ਮੰਡਲ (ਦਰਬਾਰ) ਵਿਚ ਇਕੱਠੇ ਹੋ ਜਾਂਦੇ ਹਨ ਤਾਂ ਹੀ ਕੀਰਤਨ ਸਥਾਨ ਬੈਕੁੰਠ ਬਣਦਾ ਹੈ।

ਤਹਾਂ ਬੈਕੁੰਠ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ॥ (749)

ਜਿਸ ਨੂੰ ਇਹ ਸ਼ਰਧਾ ਮਿਲ ਜਾਂਦੀ ਹੈ ਉਹ ਗੁਰੂ ਪਿਆਰਾ ਗੁਰੂ ਸ਼ਬਦ (ਨਾਮ ਗੁਰਬਾਣੀ) ਰਾਹੀਂ ਸਹਜਿ ਵਿਚ ਸਮਾਈ ਦਾ ਅਨੰਤ ਸੁਖ ਲੈਂਦਾ ਹੈ।

ਜਿਸੁ ਅੰਦਰਿ ਰੰਗੁ ਸੋਈ ਸੁਣ ਗਾਵੈ॥
ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ॥ (114)

ਕੀਰਤਨ ਅਤੇ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨਾ ਤੇ ਸਰੋਤਾ ਬਣ ਕੇ ਸਮਝਣਾ ਹਰੇਕ ਸਿੱਖ ਦੇ ਵੱਸ ਦਾ ਕੰਮ ਨਹੀਂ। ਪਰ ਖੁਲੀਆਂ ਰੀਤਾਂ ਵਿਚ ਕੀਰਤਨ ਕਰਕੇ ਉਸ ਗਾਇਨ ਕੀਤੇ ਜਾ ਰਹੇ ਸ਼ਬਦ ਦਾ ਕਿੰਨਾ ਕੁ ਆਦਰ ਕੀਤਾ ਜਾਂਦਾ ਹੈ ਅਤੇ ਸ਼ਬਦ ਦੇ ਰਾਗ ਉਲੇਖੇ ਨਾਲ ਕਿੰਨਾ ਕੁ ਨਿਆਂ ਹੁੰਦਾ ਹੈ ਇਹ ਵੀ ਲੰਮੀਆਂ ਗੋਸ਼ਟੀਆਂ ਦਾ ਵਿਸ਼ਾ ਹੈ। ਇਹ ਹਕੀਕਤ ਹੈ ਕਿ ਲੋਕ ਧੁਨਾਂ ਨਾਲ ਜੁੜੀਆਂ ਬੀਰ ਨਾਇਕਾਂ ਦੀਆਂ ਵਾਰਾਂ ਦੀ ਧੁਨੀ ਆਸਾ ਦੀ ਵਾਰ ਦੇ ਕੀਰਤਨ ਨਾਲ ਵੀ (ਟੁੰਡੇ ਅਸਰਾਜੇ ਦੀ ਧੁਨਿ) ਜੋੜੀ ਗਈ ਹੈ, ਜਿਸ ਦੇ ਨਿਤਨੇਮੀ ਕੀਰਤਨ ਦੀ ਜੁਗਤਿ ਦਾ ਬੰਧਾਨ ਕਰਤਾਰਪੁਰ ਵਿਚ ਹੀ ਕਾਇਮ ਹੋਇਆ ਮੰਨਿਆ ਜਾਂਦਾ ਹੈ। ਖੁਲ੍ਹੇ ਕੀਰਤਨ ਬਾਰੇ ਇਕ ਹਕੀਕਤ ਸਪਸ਼ਟ ਹੈ ਕਿ ਸੱਤੇ ਬਲਵੰਡ ਦੇ ਰੁੱਸ ਜਾਣ ਤੋਂ ਬਾਅਦ ਜੋਟੀਆਂ ਦੇ ਕੀਰਤਨ ਦੀ ਜੁਗਤਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜ਼ਰੂਰ ਪ੍ਰਕਾਸ਼ਿਤ ਕੀਤੀ ਪਰ ਗੁਰੂ ਨਾਨਕ ਸਾਹਿਬ ਦੇ ਧਰਤਿ ਲੋਕਾਈ ਦੇ ਕਲਿਆਣ ਲਈ ਘਰ ਘਰ ਅੰਦਰ ਧਰਮ ਸਾਲ ਸਥਾਪੰਨਾ ਵਿਚ ਕੀਰਤਨ ਲੋਕ ਧੁਨਾਂ ਵਿਚ ਤੇ ਸੰਤਾਂ ਭਗਤਾਂ ਦੇ ਉਪਲਭਧ ਜਾਂ ਪ੍ਰਚਲਿਤ ਗੀਤਾਂ (ਬਾਣੀ) ਦਾ ਹੀ ਕੀਤਾ ਜਾਂਦਾ ਸੀ। ਸੰਗਤ ਵਿਚ ਕਥਾ ਪ੍ਰਸੰਗ ਕਰਕੇ ਅਨੇਕਾਂ ਸੰਤ ਅੱਜ ਦੀ ਲੋਕਾਈ ਨੂੰ ਗੁਰੂ ਰਾਹ ਵੱਲ ਮੋੜਦੇ ਹਨ ਅਤੇ ਅਨੇਕਾਂ ਰਾਗੀ ਰੋਜ਼ੀ ਰੋਟੀ ਤੋਰਦੇ ਹਨ।

ਜਾ ਭਉ ਪਾਏ ਆਪਣਾ
ਬੈਰਾਗੁ ਉਪਜੈ ਮਨ ਆਇ॥
ਬੈਰਾਗੈ ਤੇ ਹਰਿ ਪਾਈਐ
ਹਰਿ ਸਿਉ ਰਹੈ ਸਮਾਇ॥ (49)
ਗਿਰਹ ਕੁਟੰਬ ਮਹਿ ਸਹਜਿ ਸਮਾਧੀ

ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ॥ (1246)

ਪੌਰਾਣਿਕ ਪ੍ਰਸੰਗ ਕਥਾ :

ਗੁਰਬਾਣੀ ਵਿਚ ਚਾਰ ਜੁਗਾਂ ਦੇ ਭਗਤਾਂ, ਭਗਤੀ ਨਾਲ ਜੁੜੇ ਸੁੰਦਰਤਾ ਅਤੇ ਗੁਰੂ ਪ੍ਰਸਾਦਿ ਦੇ ਸੰਦਰਭਾਂ ਨਾਲ ਅਨੇਕਾਂ ਪੌਰਾਣਿਕ ਮਹਾਂਪੁਰਖਾਂ ਦੇ ਨਾਮ ਵਰਤੇ ਗਏ ਹਨ। ਆਸਾ ਦੀ ਵਾਰ ਦੇ ਕੀਰਤਨ ਵਿਚ ਚੌਥੇ ਮਹਲੇ ਦੇ ਛੰਤਾ ਦਾ ਯੋਗ ਸ੍ਰੀ ਗੁਰੂ ਅਰਜਨ ਦੇਵ ਜੀ ਦੁਵਾਰਾ ਸੰਜੋਇਆ ਮੰਨਿਆ ਜਾ ਸਕਦਾ ਹੈ। ਆਖੀਰੀ ਛੰਤ ਦੀ ਆਖਰੀ ਪਉੜੀ ਵਿਚ ਭਗਤ ਪ੍ਰਹਿਲਾਦ ਅਤੇ ਭਗਤ ਨਾਮਦੇਵ ਦੀ ਭਗਤੀ ਝਲਕਾਂ ਹਰ ਰੋਜ ਚੇਤੇ ਕਰਾਈਆਂ ਜਾਂਦੀਆਂ ਹਨ ਤੇ ਉਨ੍ਹਾਂ ਦੀ ਰਖਿਆ ਕਰਨ ਵਾਲੇ ਪਭੂ ਪ੍ਰਮਾਤਮਾ ਦੀ ਉਸਤਤਿ ਕੀਤੀ ਜਾਂਦੀ ਹੈ।

ਛੰਤ : *ਹਰਿ ਜੁਗੁ ਜੁਗੁ ਭਗਤ ਉਪਾਇਆ,*
ਪੈਜ ਰਖਦਾ ਆਇਆ ਰਾਮਰਾਜੇ।
ਹਰਣਾਖਸੁ ਦੁਸਟੁ ਹਰਿ ਮਾਰਿਆ,
ਪ੍ਰਹਲਾਦ ਤਰਾਇਆ।
ਅਹੰਕਾਰੀਆਂ ਨਿੰਦਕਾਂ ਪਿਠਿ ਦੇਇ
ਨਾਮ ਦੇਉ ਮੁਖਿ ਲਾਇਆ।
ਜਨ ਨਾਨਕ ਐਸਾ ਹਰਿ ਸੇਵਿਆ
ਅੰਤਿ ਲਏ ਛਡਾਇਆ।"

ਜੇਕਰ ਕੋਈ ਵਿਦਵਾਨ ਰਾਗੀ ਕਿਸੇ ਸ਼ਬਦ ਦੇ ਪ੍ਰਕਰਣ ਨਾਲ ਕੋਈ ਸਾਖੀ ਸੁਣਾਉਂਦਾ ਹੈ ਤਾਂ ਉਸ ਵਿਚ ਪ੍ਰਮਾਣਿਕਤਾ ਹੋਣੀ ਜ਼ਰੂਰੀ ਹੈ। ਬਹੁਤੇ ਕਥਾ ਕਾਰ ਰਾਗੀ ਸਾਖੀ ਪ੍ਰਮਾਣ ਪੋਥੀ ਪੜ੍ਹ ਕੇ ਸਾਖੀਆਂ ਕੰਠ ਕਰਕੇ ਅਜਿਹੀ ਸਾਖੀ ਸੁਣਾ ਦਿੰਦੇ ਹਨ ਜਿਸਨੂੰ ਸੁਣ ਕੇ ਸਾਸਤ੍ਰ ਗਿਆਤਾ ਸ੍ਰੋਤਾ ਮੱਥੇ ਤੇ ਹੱਥ ਮਾਰ ਕੇ ਪਛਤਾਉਂਦਾ ਹੈ ਕਿਉਂ ਆ ਗਿਆ। ਇਸ ਤਰ੍ਹਾਂ ਦੀ ਗੁਰਬਾਣੀ ਵਿਆਖਿਆ ਨਾਲ ਸ੍ਰੋਤਿਆਂ ਤੇ ਕੋਈ ਅਸਰ ਨਹੀਂ ਹੁੰਦਾ। ਕਥਾਕਾਰ ਦੀ ਬੋਲ ਚਾਲ ਦਾ ਝੂਠ, ਕਟੂਤਾ, ਨਿੰਦਾ, ਪਰ ਚਰਚਾ ਆਦਿਕ ਦੋਸ਼ ਹੋਣ ਤਾਂ ਉਸਦੇ ਕਹੇ ਦਾ ਦੂਜਿਆਂ ਤੇ ਪ੍ਰਭਾਵ ਨਹੀਂ ਪੈਂਦਾ। ਕਿਉਂਕਿ ਉਸਦੇ ਆਚਰਣਾਂ ਦੇ ਕਾਰਨ ਸ਼ਬਦ (ਅੱਖਰਾਂ) ਦੀ ਸ਼ਕਤੀ ਕੁੰਠਿਤ ਹੋ ਜਾਂਦੀ ਹੈ। ਮਹਾਂਪੁਰਖਾਂ ਦੇ ਮੁੱਖ ਤੋਂ ਨਿਕਲਣ ਵਾਲੇ ਸ਼ਬਦ ਵਾਕ ਹੀ ਉਪਦੇਸ਼ ਹੁੰਦੇ ਹਨ। ਉਨ੍ਹਾਂ ਨੂੰ ਕੋਈ ਆਦਰ ਪੂਰਵਕ ਸੁਣਦਾ ਹੈ ਤਾਂ ਉਸੰਦਾ ਆਚਰਣ ਤੇ ਭਾਵਨਾ ਸੁਧਰ ਜਾਂਦੀ ਹੈ ਅਤੇ ਅਗਿਆਨ ਹਨੇਰਾ ਮਿਟ ਜਾਂਦਾ ਹੈ। ਤੇ ਬੋਧ ਹੋ ਜਾਂਦਾ ਹੈ। ਗੁਰਬਾਣੀ ਪਰਾ (ਮਨੁੱਖੀ ਸੋਚ ਤੋਂ ਪਰੇ ਦਾ ਪ੍ਰਦੇਸ਼) ਮੰਡਲ (ਬ੍ਰਹਮਲੋਕ) ਤੋਂ ਉਤਰ ਕੇ ਗੁਰੂ ਸੰਤ ਦੇ ਹਿਰਦੇ ਵਿਚ ਆ ਕੇ ਕਲਿਆਣ ਕਰਨ ਦੀ ਭਾਵਨਾ ਜਾਂ ਹੁਕਮ ਜਗਾਂਦੀ ਹੈ। ਇਸ ਕਲਿਆਣ ਪਰਉਪਕਾਰ ਲਈ (ਮੱਧਮਾ) ਕੰਠ ਰਾਹੀਂ ਬਾਣੀ (ਰਸਨਾ) ਤੋਂ ਉਜਾਗਰ ਹੋ ਕੇ ਬੈਅਖਰੀ ਬਾਣੀ (ਗੁਰਬਾਣੀ) ਬਣ ਕੇ ਜਗ ਵਿਚ ਪ੍ਰਗਟ ਪ੍ਰਕਾਸ਼ਿਤ ਹੁੰਦੀ ਹੈ। ਇਸ ਬਾਣੀ ਦੇ ਗਾਇਨ ਸ੍ਰਵਣ ਚਿੰਤਨ ਵਿਚ ਮਨ ਮੋੜਾ ਖਾ ਜਾਏ ਤਾਂ ਫੇਰ ਵੀਹ (ਪੰਜ ਤਤ, ਤੇ ਪੰਜ ਤੱਤ ਗੁਣਾਂ ਦਾ ਸਰੀਰ, ਸਰੀਰ ਦੀ ਪੰਜ ਗਿਆਨ ਇੰਦ੍ਰੀਆਂ ਤੇ ਪੰਜ ਕਰਮਇੰਦ੍ਰੀਆਂ) ਤੋਂ ਮੁਕਤ ਹੋਏ ਇਕੀਵੇਂ ਮਨ ਲਈ ਹੀ ਤ੍ਰਿਕੁਟੀ ਪਾਰ ਕਰਨਾ ਸੰਭਵ ਹੋ ਜਾਂਦਾ ਹੈ ਅਤੇ ਇਹੋ ਵਿਗਿਆਨ ਹੈ ਕੀਰਤਨ ਗਾਇਨ ਸ੍ਰਵਣ ਰੂਪੀ ਗੁਰਸਿਖੀ ਪਰਿਭਾਸ਼ਾ ਦਾ।

ਕਥਾ ਪ੍ਰਸੰਗ ਕਰਨ ਵਾਲੇ ਵਕਤਾ ਚਾਰ ਪ੍ਰਕਾਰ ਦੇ ਗਿਣੇ ਗਏ ਹਨ।

1 ਭ੍ਰਮ – ਵਕਤਾ ਜਿਸ ਵਿਸ਼ੇ ਦੀ ਵਿਆਖਿਆ ਕਰ ਰਿਹਾ ਹੈ, ਉਸਨੂੰ ਉਹ ਚੰਗੀ ਤਰ੍ਹਾਂ ਨਹੀਂ ਜਾਣਦਾ ਅਰਥਾਤ ਕੁਝ ਜਾਣਦਾ ਹੈ ਕੁਝ ਨਹੀਂ ਜਾਣਦਾ - ਇਹ ਭਰਮ ਹੈ।

2 ਪ੍ਰਮਾਦ - ਜੋ ਉਪਦੇਸ਼ ਦੇਣ ਲਗਿਆਂ ਸਾਵਧਾਨ ਨਹੀਂ ਰਹਿੰਦਾ ਤੇ ਬੇਪਰਵਾਹ ਹੋ ਕੇ ਵਿਸ਼ੇ ਤੋਂ ਬਾਹਰ ਬੋਲਣ ਲੱਗ ਜਾਂਦਾ ਹੈ। ਮੌਕੇ ਮਾਹੌਲ ਅਨੁਸਾਰ ਸਰੋਤਾ ਦੀ ਲੋੜ ਤੇ ਸਮਝ ਦੇ ਵਰਗੀਕਰਣ ਦੀ ਪਰਵਾਹ ਨਹੀਂ ਕਰਦਾ - ਇਹ ਪ੍ਰਮਾਦ ਹੈ।

3 ਲਿਪਸਾ - ਕਿਸੇ ਤਰ੍ਹਾਂ ਮੇਰੀ ਪੂਜਾ ਹੋਏ, ਆਦਰ ਹੋਵੇ, ਸ੍ਰੋਤਾਵਾਂ ਤੋਂ ਨਕਦ ਭੇਟ ਮਿਲੇ, ਮੇਰਾ ਸਵਾਰਥ ਸਿੱਧ ਹੋ ਜਾਏ, ਸੁਣਨ ਵਾਲੇ ਕਿਸੇ ਤਰ੍ਹਾਂ ਮੇਰੇ ਚੱਕਰ ਵਿਚ ਆ ਜਾਣ, ਮੇਰੇ ਅਨੁਕੂਲ ਹੋ ਜਾਣ ਆਦਿਕ ਦੀ ਇੱਛਿਆ ਰੱਖਣੀ ਹੀ ਲਿਪਸਾ ਹੈ।

4 ਕਰਣ ਪਾਟਵ - ਜਿਸ ਵਕਤਾ ਨੂੰ ਕਹਿਣ ਸੁਨਣ ਦਾ ਢੰਗ ਨਹੀਂ ਆਉਂਦਾ, ਸਰੋਤਾ ਦੀ ਭਾਸ਼ਾ ਨੂੰ ਨਹੀਂ ਜਾਣਦਾ, ਸਰੋਤਾ ਨੂੰ ਕਿਸ ਤਰ੍ਹਾਂ ਸਮਝਾਇਆ ਜਾਂਦਾ ਹੈ। ਇਸ ਜੁਗਤਿ ਨਹੀਂ ਜਾਣਦਾ, ਉਹ ਕਰਣਾਪਾਟਵ ਹੈ।

ਇਸ ਤਰ੍ਹਾਂ ਚਾਰ ਦੋਸ਼ਾਂ ਵਾਲੇ ਵਕਤਾ ਦੇ ਕਹੇ ਦਾ ਸਰੋਤਾ ਤੇ ਪ੍ਰਭਾਵ ਨਹੀਂ ਪੈਂਦਾ। ਸਰੋਤੇ ਵਿਚ ਵੀ ਸ਼ਰਧਾ, ਵਿਸ਼ਵਾਸ, ਜਿਗਿਆਸਾ, ਤਤਪਰਤਾ, ਇੰਦ੍ਰੀ ਸੰਜਮ ਆਦਿਕ ਹੋਣ ਤਾਂ ਹੀ ਉਸ ਦੇ ਪਰਮਾਤਮ ਪ੍ਰਾਪਤੀ ਦੇ ਉਦੇਸ਼ ਨੂੰ ਵਿਕਾਸ ਮਿਲਦਾ ਹੈ। ਅਜਿਹੀ ਸਿਫਤ ਤੋਂ ਹੀਣ ਸਰੋਤਿਆਂ ਉਤੇ ਸਾਤਵਿਕ ਵਕਤਾ ਦੀ ਬਾਣੀ ਦਾ ਵੀ ਕੋਈ ਪ੍ਰਭਾਵ ਨਹੀਂ ਪੈਂਦਾ।

ਇਸੇ ਲਈ ਕੀਰਤਨ ਵਿਚ ਕਥਾ ਪ੍ਰਸੰਗ ਕਰਨ ਵਾਲੇ ਵਕਤਾ ਨੂੰ ਵਿਸ਼ੇ (ਕਥਾ), ਮਾਹੌਲ ਤੇ ਸਰੋਤਾ ਸਮਝ ਦਾ ਸੰਤੁਲਣ ਬਣਾ ਕੇ ਕਥਾ ਸੁਣਾਉਂਦੇ ਹੋਏ ਗੁਰਮਤਿ ਮਾਹੌਲ ਦੀ ਪਵਿਤ੍ਰਤਾ ਦਾ ਸਦਾ ਧਿਆਨ ਰੱਖਣਾ ਜ਼ਰੂਰੀ ਹੈ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੋਏ ਜਾਂ ਨਾ ਹੋਇਆ ਹੋਵੇ। ਗੁਰੂ ਸੰਗੀਤ ਵਿਚ ਗੁਰੂ ਦਾ ਵਾਸਾ ਸਦੀਵੀਂ ਜਾਣ ਕੇ ਮਿਥਿਆ ਹਾਸਪਰਿਹਾਸ ਠੱਠੇ ਤੋਂ ਗੁਰੇਜ ਕਰਨਾ ਜ਼ਰੂਰੀ ਹੈ। ਸਤਿ ਸੰਗਤਿ ਦਾ ਅਰਥ ਅਤੇ ਸਰੂਪ ਪ੍ਰਮਾਤਮਾ ਤੇ ਸਤਿ ਸਰੂਪ ਗੁਰੂ ਸੰਗ ਤੇ ਗੁਰੂ ਪ੍ਰਸਾਦਿ ਨਾਲ ਜੁੜਿਆ ਹੋਇਆ ਹੈ।

ਜੀਵਤ ਸੇ ਪਰਵਾਣੁ ਹੋਏ, ਹਰਿ ਕੀਰਤਨਿ ਜਾਗੇ।
ਸਾਧ ਸੰਗੁ ਜਿਨ ਪਾਇਆ ਸੇਈ ਵਡਭਾਗੇ।
(3221)

ਸਤ ਸੰਗਤਿ ਮਿਲਿ ਮਤਿ ਬੁਧਿ ਪਾਈ
ਹਉ ਛੂਟੇ ਮਮਤਾ ਜਾਲ।
ਹਰਿ ਨਾਮਾ ਹਰਿ ਮੀਠ ਲਗਾਨਾ
ਗੁਰ ਕੀਏ ਸਬਦਿ ਨਿਹਾਲ॥ (1335)
ਸਤ ਸੰਗਤਿ ਸਤਿਗੁਰ ਚਟ ਸਾਲ ਹੈ,
ਜਿਤੁ ਹਰਿਗੁਣ ਸਿਖਾ (1316)

ਸਾਤਵਿਕਤਾ ਦੀ ਨਿਰੰਤਰਤਾ ਤੋਂ ਬਗੈਰ ਤਨ ਮਨ ਬਾਣੀ ਦੀ ਨਿਰਮਲਤਾ ਨਹੀਂ ਹੁੰਦੀ ਤੇ ਉਸ ਪੂਰਨ ਨਿਰਮਲਤਾ ਤੋਂ ਬਗੈਰ ਪੂਰਨ ਪ੍ਰਭੂ ਦੇ ਪ੍ਰਕਾਸ਼ ਮੰਡਲ ਵਿਚ ਕਦੀ ਪ੍ਰਵੇਸ਼ ਨਹੀਂ ਮਿਲਦਾ। ਜਿਸਦੀ ਲਕਸ਼ ਸਿਧੀ ਗੁਰਬਾਣੀ ਦਸਦੀ ਹੈ।

ਕੀਰਤਨੀਆਂ ਵੱਲੋਂ ਨਾਮ (ਵਾਹਿਗੁਰੂ ਜਾ ਵਾਹਿਗੁਰੂ ਸਤਿਨਾਮ) ਦਾ ਗਾਇਨ ਕਰਨਾ ਤੇ ਸੰਗਤਾਂ ਨੂੰ ਕਰਵਾਉਣ ਦਾ ਰਿਵਾਜ਼ ਵੀ ਬਹੁ ਵੱਧ ਗਿਆ ਹੈ। ਪਹਿਲਾ ਪ੍ਰਸ਼ਨ ਹੈ ਕਿ ਅਜਿਹਾ ਜਪੁ ਕਰਾਉਣ ਦਾ ਅਧਿਕਾਰ ਜਾਂ ਆਦੇਸ ਉਨ੍ਹਾਂ ਨੂੰ ਕਦੋਂ ਤੇ ਕਿਥੋਂ ਪ੍ਰਾਪਤ ਹੋਇਆ। ਨਾਮ ਸ਼ਬਦ ਦਾ ਜਪੁ ਕੀਤਾ ਜਾਂਦਾ ਹੈ ਅਤੇ ਪੁਰਾਤਨ ਰੀਤ ਅਨੁਸਾਰ ਤਾਂ ਜਪੁ ਸਾਹਿਬ ਬਾਣੀ ਦੀ ਕਿਸੇ ਪਉੜੀ ਦਾ ਗਾਇਨ ਕਰਨਾ ਵਰਜਿਤ ਸੀ ਅਤੇ ਲੈਅ ਵਿਚ ਪੜਨ ਦਾ ਵੀ ਹੁਕਮ ਨਹੀਂ ਸੀ। ਅੱਜ ਕਲ੍ਹ ਹਜ਼ਾਰਾਂ ਗੁਰਬਾਣੀ ਸ਼ਬਦ ਛੱਡ ਕੇ ਨਾਮ ਸ਼ਬਦ ਜਾਂ ਜਪੁ ਦੀ ਕਿਸੇ ਪਉੜੀ ਦਾ ਕੀਰਤਨ ਕਰਨਾ ਕੀਰਤਨੀਏ ਦੀ ਸੁਵਿਧਾ ਹੈ ਪਰ ਗੁਰਮਰਿਯਾਦਾ ਇਹ ਨਹੀਂ। ਪੁਰਾਤਨ ਰੀਤ ਅਨੁਸਾਰ ਅਨੰਦ ਸਾਹਿਬ ਦੀ ਛੇ ਪਉੜੀਆਂ ਦੇ ਗਾਇਨ ਤੋਂ ਬਾਅਦ ਜਪੁ ਸਾਹਿਬ ਦਾ ਸ਼ਲੋਕ ਨਹੀਂ ਪੜਿਆ ਜਾਂਦਾ। ਬਲਕਿ ਮਾਝ ਦੀ ਵਾਰ ਦਾ ਸਲੋਕ ਮਹਲਾ ਦੂਜਾ ਕਹਿ ਕੇ ਪੜਿਆ ਜਾਂਦਾ ਹੈ। ਦੋਹਾਂ ਸ਼ਲੋਕਾਂ ਵਿਚ ਤਿੰਨ ਪਾਠ ਭੇਦ ਹਨ। ਜਪੁਜੀ ਦੇ ਸਲੋਕ ਵਿਚ ਪਵਣੁਗੁਰੂ, ਦਿਵਸ ਰਾਤਿ ਤੇ ਕੇਤੀ ਛੁਟੀ ਨਾਲਿ ਦੀ ਥਾਂ ਮਹੱਲੇ ਦੂਜੇ ਦੇ ਸਲੋਕ ਵਿਚ ਪਉਣ ਗੁਰੂ, ਦਿਨਸੁ ਰਾਤਿ ਤੇ ਹੋਰ ਕੇਤੀ ਛੁਟੀ ਨਾਲਿ - ਪਾਠ ਭੇਦ ਹਨ ਨਾਮ ਜਪੁ ਨੂੰ ਗੁਰਬਾਣੀ ਵਿਚ ਬੀਜ ਅੰਤਰ ਕਿਹਾ ਗਿਆ ਹੈ।

ਬੀਜ ਮੰਤ੍ਰ ਸਰਬ ਕੋ ਗਿਆਨ।
ਚਹੁ ਵਰਨਾ ਮਹਿ ਜਪੈ ਕੋਊ ਨਾਮ॥
ਜੋ ਜੋ ਜਪੈ ਤਿਸ ਕੀ ਗਤਿ ਹੋਇ।
ਸਾਧਿ ਸੰਗਿ ਪਾਵੈ ਜਨੁ ਕੋਇ॥ (ਸੁਖਮਨੀ-274)

ਨਾਮ ਸ਼ਬਦ ਨੂੰ ਮੰਤ੍ਰ (ਗੁਪਤ ਸਲਾਹ-ਆਦੇਸ਼-ਉਪਦੇਸ਼) ਕਿਹਾ ਗਿਆ ਹੈ ਤੇ ਨਾਮ ਮੰਤ੍ਰ ਪ੍ਰਾਪਤ ਕਰਨ ਵਾਲਾ ਗੁਰਸਿੱਖ ਹੀ ਬਾਣੀ ਅਰਥ ਸਿੱਧ ਕਰ ਸਕਦਾ ਹੈ।

ਸਰਬ ਕਲਾ ਸੋਈ ਪ੍ਰਬੀਨ।
ਨਾਮ ਮੰਤ੍ਰ ਜਾਕਉ ਗੁਰਿ ਦੀਨ। (1281)
ਗੁਰਮੰਤ੍ਰ ਹੀਣਸਯ ਜੋ ਪ੍ਰਾਣੀ
ਧ੍ਰਿਗੰਤ ਜਨਮ ਭ੍ਰਸਟਣਹ।
ਕੂਕਰਹ ਸੂਕਰਹ ਗਰਧਭਹ
ਕਾਕਹ ਸਰਪਨਹ ਤੁਲਿ ਖਲਹ। (1356)

ਨਾਮ ਜਪੁ ਰਸਨਾ ਨਾਲ ਕੰਠ ਵਿਚ ਕੀਤਾ ਜਾਂਦਾ ਹੈ। ਕੰਠ ਮੱਧਮਾਂ ਤੋਂ ਇਹ ਮਨ (ਹਿਰਦੇ) ਦਾ ਸਿਮਰਨ ਬਣਦਾ ਹੈ ਅਤੇ ਸਿਮਰਨ ਸੁਰਤਿ ਰਾਹੀਂ ਸ਼ਬਦ (ਨਾਮ) ਸੁਰਤਿ ਦੇ ਸੰਯੋਗ ਨਾਲ ਪਰਾ ਮੰਡਲ (ਪ੍ਰਕਾਸ਼ ਸਥਾਨ)

ਵਿਚ ਪ੍ਰਵੇਸ਼ ਕਰਦਾ ਹੈ ਤੇ ਅਜਪਾ ਜਾਪ ਜਾਂ ਭਜਨ ਬਣ ਜਾਂਦਾ ਹੈ। ਇਸ ਲਈ ਨਾਮ ਰੂਪੀ ਬੀਜ ਹਿਰਦੇ ਵਿਚ ਬੀਜਣਾ ਹੈ। ਬਾਹਰ ਧਰਤੀ ਤੇ ਪਿਆ ਬੀਜ ਜਾਂ ਤੇ ਪੰਛੀ ਜਾ ਜਾਂਦੇ ਹਨ ਜਾਂ ਕੀੜੇ ਕੀੜੀਆਂ। ਧਰਤੀ ਵਿਚ ਦੱਬਿਆ ਬੀਜ ਹੀ ਉਸ ਦਾ ਹੈ। ਖੁੱਲ੍ਹੇ ਤੌਰ ਤੇ ਨਾਮ ਜਪਾ ਕੇ ਤੇ ਜਪ ਕੇ ਹਉਮੈ ਪ੍ਰਗਟਾਵਾ ਹੁੰਦਾ ਹੈ ਜੋ ਬੀਜ ਦੀ ਦਾਲ ਬਣਾ ਦੇਂਦਾ ਹੈ ਤੇ ਦਾਲ ਕਦੀ ਉਗਦੀ ਨਹੀਂ।

ਸਚਿ ਕਾਲੁ ਕੂੜੁ ਵਰਤਿਆ
ਕਲਿ ਕਾਲਖ ਬੇਤਾਲ।
ਬੀਉ ਬੀਜਿ ਪਤਿ ਲੈ ਗਏ
ਅਬ ਕਿਉ ਉਗਵੈ ਦਾਲਿ।
ਜੇ ਇਕੁ ਹੋਇ ਤ ਉਗਵੈ
ਰੁਤੀ ਹੂ ਰੁਤਿ ਹੋਇ।

ਕਿਰਸਾਨੀ ਦੀ ਤਰ੍ਹਾਂ ਨਾਮ ਬੀਜ ਦੀ ਫਸਲ ਦਾ ਉਪਦੇਸ਼ ਹੀ ਗੁਰਬਾਣੀ ਦੇਂਦੀ ਹੈ-*ਅਬ ਕਲੂ ਆਇਓ ਰੇ।*

ਇਕੁ ਨਾਮੁ ਬੋਵਹੁ ਬੋਵਹੁ ਆਨਰੁਤਿ ਨਾਹੀ ਨਾਹੀ।
(1185)

ਫਲ ਲਗੀ ਸਚੈ ਨਾਮੁ ਕੀ ਜੋ ਬੀਜੈ ਸੋ ਖਾਇ।
ਤਿਸਹਿ ਪਰਾਪਤਿ ਨਾਨਕਾ
ਜਿਸ ਨੋ ਲਿਖਿਆ ਆਇ। (321

ਇਸ ਤਰ੍ਹਾਂ ਨਾਮ ਜਪੁ ਦਾ ਉਪਦੇਸ਼ ਦੇਣ ਵਾਲੀ ਬਾਣੀ ਹੀ ਤਾਂ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਹੈ ਜੋ ਜਪੁ ਸੰਗਿਆ ਦਾ ਵਿਸਤਾਰ ਵਿਆਖਿਆ ਕਰ ਰਹੀ ਹੈ। ਕੀਰਤਨੀਆਂ ਲਈ ਇਹੋ ਯੋਗ ਹੈ ਸ਼ਬਦ ਬਾਣੀ ਦਾ ਕੀਰਤਨ ਕਰਨ ਵਿਚ ਹੀ ਰੁਚੀ ਰੱਖਣ ਕਿਉਂ ਕਿ ਨਾਮ ਅੰਮ੍ਰਿਤ ਦੇਣ ਦਾ ਅਧਿਕਾਰ ਖੰਡੇ ਪਾਹੁਲ ਦੀਖਿਆ ਦਾਤਾ ਪੰਜ ਪਿਆਰਿਆਂ ਨੂੰ ਹੀ ਮਿਲਿਆ ਹੈ। ਨਾਮ ਸ਼ਬਦ ਵਿਸ਼ੇਸ਼ ਦਾ ਜਪੁ ਸੰਗਤਾਂ ਕੰਠ ਹਿਰਦੇ ਵਿਚ ਕਰਦੇ ਹੋਏ ਗੁਰਬਾਣੀ ਕੀਰਤਨ ਸ੍ਰਵਣ ਕਰਕੇ ਗੁਰੂ ਚਰਨਾਂ ਨਾਲ ਜੁੜਨ ਦੇ ਪੰਥ ਤੇ ਚੱਲਣ ਤਾਂ ਹੀ ਕੀਰਤਨ ਦੀ ਉਪਮਾ ਉਜਾਗਰ ਹੋਂਦੀ ਹੈ। ਕੀਰਤਨ ਨਾਲ ਜੁੜੇ ਇਸ ਚਿੰਤਨ ਵਿਚ ਕਿਸੇ ਵਿਅਕਤੀ ਵਿਸ਼ੇਸ਼ ਤੋਂ ਆਖੇਪ ਕਰਨ ਦੀ ਸੁਪਨਵਤ ਚੇਸ਼ਟਾ ਨਹੀਂ ਹੈ। ਗੁਰਮਤਿ ਸੰਗੀਤ ਵਿਚ ਜੋ ਚੋਗ ਚੁਗੀ ਹੈ ਉਸ ਨੂੰ ਕਲਮ ਮੁਖ ਰਾਹੀਂ ਕਾਗਜ਼ 'ਤੇ ਉਤਾਰ ਕੇ ਅੰਮ੍ਰਿਤ ਕੀਰਤਨ ਦੇ ਪਰਦੇ ਤੇ ਛਪਵਾਣ ਸਮੇਂ ਸੋਚਿਆ ਹੈ-

ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ।
ਦੂਜੀ ਜਾਇ ਨ ਸੁਝਈ ਕਿਥੈ ਕੂਕਣਿ ਜਾਉ (137)

162ਏ, ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ

ਬਾਬਾ ਫਰੀਦ ਦੀ ਬਾਣੀ ਗਾਇਨ ਕਰਨ ਵਾਲੇ ਉਸਤਾਦ ਮੁਬਾਰਕ ਅਲੀ (ਪਾਕਿਸਤਾਨ)

ਪ੍ਰਿੰਸੀਪਲ ਗੁਰਜੰਤ ਸਿੰਘ ਰਾਹੀ

ਪਿਛਲੇ ਦਿਨੀਂ ਬਾਬਾ ਹਰਵਲਭ ਸੰਗੀਤ ਸੰਮੇਲਨ ਜਲੰਧਰ ਵਿਖੇ ਪਾਕਿਸਤਾਨ ਤੋਂ ਵਿਸ਼ੇਸ਼ ਤੌਰ ਤੇ ਸੱਦੇ ਗਏ ਕਲਾਸੀਕਲ ਗਾਇਕ ਉਸਤਾਦ ਮੁਬਾਰਕ ਅਲੀ ਨਾਲ 'ਅੰਮ੍ਰਿਤ ਕੀਰਤਨ' ਲਈ ਵਿਸ਼ੇਸ਼ ਇੰਟਰਵਿਊ;

ਉਸਤਾਦ ਮੁਬਾਰਕ ਅਲੀ ਦਾ ਜਨਮ ਪਿੰਡ ਨਾਹਲਾਂ ਜਿਲ੍ਹਾ ਜਲੰਧਰ ਵਿਖੇ ਪਿਤਾ ਗੁਲਾਮ ਭੀਖਾ ਖਾਂ ਦੇ ਘਰ ਹੋਇਆ। ਆਪ ਅਜੇ ਦਸ ਕੁ ਸਾਲ ਦੇ ਹੀ ਸਨ ਕਿ ਹਿੰਦ ਪਾਕਿ ਬਟਵਾਰਾ ਹੋ ਗਿਆ। ਆਪ ਪਰਿਵਾਰ ਸਮੇਤ ਲਾਹੌਰ ਆ ਟਿਕੇ। ਇਥੇ ਹੀ ਆਪ ਦੀ ਸੰਗੀਤ ਦੀ ਤਾਲੀਮ ਘਰ ਵਿਚ ਪਿਤਾ ਜੀ ਕੋਲੋਂ ਅਤੇ ਚਾਚਾ ਉਸਤਾਦ ਗਜਨਫਰ ਅਲੀ ਪਾਸੋਂ ਸ਼ੁਰੂ ਹੋਈ ਜੋ ਕਿ ਸ਼ਾਮ ਚੁਰਾਸੀ ਘਰਾਣੇ ਨਾਲ ਸਬੰਧਿਤ ਸਨ। ਆਪ ਨੇ ਆਪਣੀ ਮੁੱਢਲੀ ਪੜ੍ਹਾਈ ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ ਜਿਲ੍ਹਾ ਜਲੰਧਰ ਵਿਖੇ ਕੀਤੀ ਜਿਥੋਂ ਆਪ ਨੇ ਪਹਿਲੀਆਂ ਤਿੰਨ ਕਲਾਸਾਂ ਪਾਸ ਕੀਤੀਆਂ। ਪਾਕਿਸਤਾਨ ਵਿਖੇ ਤਾਂ ਉਸ ਵੇਲੇ ਪੜ੍ਹਾਈ ਦਾ ਐਨਾ ਮਹੌਲ ਨਹੀਂ ਸੀ। ਬਾਰਾਂ ਸਾਲ ਦੀ ਉਮਰ ਤੋਂ ਲੈ ਕੇ ਲਗਾਤਾਰ ਸਾਲਾਂ ਬੱਧੀ ਸੰਗੀਤ ਦੀ ਸਿੱਖਿਆ ਲਈ ਅਤੇ ਨਿਰੰਤਰ ਰਿਆਜ਼ ਕਰਨ ਨਾਲ ਵਧੀਆ ਕਲਾਕਾਰ ਹੋ ਗਏ ਅਤੇ ਸੰਗੀਤ ਦੀਆਂ ਮਹਿਫਲਾਂ ਦਾ ਸ਼ਿੰਗਾਰ ਬਣੇ। ਇਕ ਵਾਰ ਭਾਰਤੀ ਫਿਲਮ ਬੈਜੂ ਬਾਵਰਾ ਦੇਖੀ ਅਤੇ ਉਸ ਦੇ ਗਾਣੇ ਸੁਣੇ। ਉਸ ਫਿਲਮ ਵਿਚ ਉਸਤਾਦ ਅਮੀਰ ਖਾਂ ਸਾਹਿਬ ਨੇ ਇਕ ਬੰਦਸ਼ ਗਾਈ ਸੀ। ਜਿਸ ਨੂੰ ਸੁਣ ਕੇ ਮੁਬਾਰਕ ਅਲੀ ਉਸਤਾਦ ਅਮੀਰ ਖਾਂ ਦੇ ਗਾਇਨ ਦੇ ਦੀਵਾਨੇ ਹੋ ਗਏ ਅਤੇ ਦਿਲੋਂ ਉਹਨਾਂ ਨੂੰ ਆਪਣਾ ਉਸਤਾਦ ਮੰਨ ਲਿਆ। ਅਮੀਰ ਖਾਂ ਕਿਰਾਨਾ ਘਰਾਣੇ ਦੇ ਪ੍ਰਮੁੱਖ ਗਾਇਕ ਸਨ। ਨਿਰਾ ਉਸਤਾਦ ਹੀ ਨਹੀਂ ਸਗੋਂ ਗੱਲਬਾਤ ਸਮੇਂ ਦੱਸਿਆ ਕਿ ਅਮੀਰ ਖਾਂ ਸਾਹਿਬ ਮੇਰੇ ਰੂਹਾਨੀ ਪੇਸ਼ਵਾ ਹਨ ਭਾਵ ਰੂਹਾਨੀ ਗੁਰੂ। ਅਮੀਰ ਖਾਂ ਸਾਹਿਬ ਦਾ ਸਾਰਾ ਗਾਇਨ ਕੈਸਟਾਂ ਦੁਆਰਾ ਸੁਣ-ਸੁਣ ਕੇ ਸਿੱਖਿਆ। ਜਦੋਂ ਵੀ ਕੋਈ ਮਿੱਤਰ ਪਿਆਰਾ ਇਧਰੋਂ ਉਧਰ ਜਾਂ ਇਧਰੋਂ ਉਧਰ ਆਉਂਦਾ ਜਾਂਦਾ ਤਾਂ ਆਪ ਇਕ ਹੀ ਫਰਮਾਇਸ਼ ਕਰਦੇ ਕਿ ਭਾਈ ਮੇਰੇ ਵਾਸਤੇ ਤਾਂ ਉਸਤਾਦ ਅਮੀਰ ਖਾਂ ਦੇ ਗਾਇਨ ਦੀਆਂ ਕੈਸਟਾਂ ਲੈ ਆਇਓ। ਇਹੀ ਸਭ ਤੋਂ ਵਧੀਆ ਸੁਗਾਤ ਹੈ ਮੇਰੇ ਲਈ ਤਾਂ। ਅੱਜ ਪਾਕਿਸਤਾਨ ਵਿਚ ਮੁਬਾਰਕ ਅਲੀ ਨੂੰ ਉਸਤਾਦ ਅਮੀਰ ਖਾਂ ਦੇ ਕਰਕੇ ਜ਼ਿਆਦਾ ਜਾਣਦੇ ਹਨ। ਆਪ ਖਾਂ ਸਾਹਿਬ ਦੀਆਂ ਬੰਧਸ਼ਾਂ ਬੜੇ ਸਤਿਕਾਰ ਨਾਲ ਗਾਉਂਦੇ ਹਨ।

ਸੁਆਲ:-ਜਿਵੇਂ ਹਿੰਦੋਸਤਾਨ ਵਿਚ ਕਲਾਸੀਕਲ ਗਾਇਨ ਕਰਨ ਦੀ ਇਕ ਨਿਸ਼ਚਿਤ ਮਰਿਆਦਾ ਬਣ ਗਈ ਹੈ ਕਿ ਪਹਿਲਾਂ ਰਾਗ ਦਾ ਆਰੋਹ ਅਵਰੋਹ ਅਲਾਪ ਬੜਾ ਖਿਆਲ ਛੋਟਾ ਖਿਆਲ ਤਰਾਨਾ ਸਰਗਮ ਤਾਨਾਂ ਅਤੇ ਬੋਲ ਤਾਨਾਂ ਆਦਿ ਤਿਆਰੀ ਨਾਲ ਗਾ ਕੇ ਬਾਅਦ ਵਿਚ ਲਾਈਟ ਠੁਮਰੀ ਜਾਂ ਭਜਨ ਤੁਸੀਂ ਕਿਵੇਂ ਗਾਉਂਦੇ ਹੋ?

ਜੁਆਬ:- ਸਾਡੇ ਗਾਣੇ ਦੀ ਲਿਮਟ ਨਹੀਂ ਹੈ ਇਹ ਸਰੋਤਿਆਂ ਤੇ ਮੁਨਸਰ ਹੈ ਕਿ ਸਰੋਤੇ ਕੀ ਪਸੰਦ ਕਰਦੇ ਹਨ। ਬੜਾ ਖਿਆਲ, ਛੋਟਾ ਖਿਆਲ, ਤਰਾਨਾ, ਠੁਮਰੀ ਸਭ ਗਾਇਆ ਜਾਂਦਾ ਹੈ। ਬਾਬਾ ਬੁੱਲੇ ਸ਼ਾਹ ਦਾ ਕਲਾਮ ਬੜੇ ਸ਼ੌਕ ਨਾਲ ਸੁਣਦੇ ਹਨ ਪਰ ਮੇਰੇ ਕੋਲੋਂ ਬਾਬਾ ਫਰੀਦ ਜੀ ਦੀ ਬਾਣੀ

ਦੀ ਜਰੂਰ ਫਰਮਾਇਸ਼ ਕਰਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਬਾਬਾ ਫਰੀਦ ਜੀ ਦੇ ਸਲੋਕਾਂ ਨੂੰ ਜਦੋਂ ਅਕੀਦਤ ਨਾਲ ਗਾਇਆ ਜਾਂਦਾ ਹੈ ਤਾਂ ਰੂਹ ਸਰਸ਼ਾਰ ਹੋ ਜਾਂਦੀ ਹੈ ਔਰ ਬੜਾ ਸਕੂਨ ਮਿਲਦਾ ਹੈ। ਕਦੇ ਕਦੇ ਮੈਂ ਹਜਰਤ ਬਾਬਾ ਨਾਨਕ ਜੀ ਦਾ ਇਲਾਹੀ ਕਲਾਮ ਵੀ ਗਾਉਂਦਾ ਹਾਂ।

ਇਹ ਗੱਲ ਸਹੀ ਹੈ ਕਿ ਰਾਗ ਦੀਆਂ ਬੰਦਸ਼ਾਂ ਤਾਨਾਂ ਪਲਟੇ ਤਿਆਰੀ ਨਾਲ ਗਾਉਣ ਦਾ ਇਕ ਆਨੰਦ ਹੈ ਪਰ ਇਸ ਆਨੰਦ ਦੇ ਪਿਛੇ ਇਕ ਅਹੰਕਾਰ ਵੀ ਛੁਪਿਆ ਰਹਿੰਦਾ ਹੈ ਕਿ ਮੈਂ ਵਧੀਆ ਗਾਇਆ ਹੈ। ਪਰ ਜਦੋਂ ਫਰੀਦ ਸਾਹਿਬ ਦਾ ਕਲਾਮ "ਫਰੀਦਾ ਬੇ ਨਿਵਾਜਾ ਕੁਤਿਆ ਇਹ ਨਾ ਭਲੀ ਗੀਤ, ਕਬਹੂੰ ਚਲ ਨਾ ਆਇਆ ਪੰਜੇ ਵਕਤ ਮਸੀਤ" ਇਸ ਕਲਾਮ ਨਾਲ ਆਪਣੇ ਧੁਰ ਅੰਦਰ ਦੇ ਦੀਦਾਰ ਹੁੰਦੇ ਹਨ। ਮੈਂ ਕੀ ਹਾਂ ਤੇ ਕੀ ਹੋਣਾ ਚਾਹੀਦਾ ਸੀ। ਧੰਨ ਨਾਨਕ ਤੇਰੀ ਵੱਡੀ ਕਮਾਈ ਗਾਉਣ ਸਮੇਂ ਮੇਰੇ ਉਪਰ ਵਜਦ ਤਾਰੀ ਹੋ ਜਾਂਦੈ। ਗੁਰਮੁਖੀ ਲਿੱਪੀ ਦਾ ਜ਼ਿਆਦਾ ਗਿਆਨ ਨਾ ਹੋਣ ਕਰਕੇ ਅਤੇ ਉਰਦੂ ਵਿਚ ਜ਼ਿਆਦਾ ਬਾਣੀ ਨਾ ਮਿਲਣ ਕਰਕੇ ਅਸੀਂ ਇਸ ਤੋਂ ਵਾਂਝੇ ਰਹਿ ਗਏ ਹਾਂ। ਮੈਂ ਵਾਅਦਾ ਕੀਤਾ ਅਗਲੀ ਮੁਲਾਕਾਤ ਸਮੇਂ ਮੈਂ ਆਪ ਜੀ ਨੂੰ ਗੁਰਬਾਣੀ ਦੇ ਗੁਟਕੇ ਉਰਦੂ ਵਿਚ ਭੇਟ ਕਰਾਂਗਾ। ਭਾਈ ਲਾਲ ਜੀ ਨੂੰ ਵੀ ਮੈਂ ਭੇਟ ਕੀਤੇ ਸਨ ਤਾਂ ਕਿ ਉਹਨਾਂ ਦੇ ਪੁੱਤਰ ਅਤੇ ਭਤੀਜਿਆਂ ਨੂੰ ਬਾਣੀ ਨਾਲ ਲਗਾਉ ਬਣਿਆ ਰਹੇ।

ਤਬਲਾ ਵਾਦਕਾਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਤਾਰੀ ਖਾਂ ਸਾਹਿਬ ਤੋਂ ਬਾਅਦ ਸੁਜਾਦ ਅਲੀ ਦਾ ਨਾਂ ਆਉਂਦਾ ਹੈ ਜੋ ਸਾਰੇ ਫਨਕਾਰਾਂ ਨਾਲ ਸੰਗਤ ਕਰਦਾ ਹੈ। ਸਾਰੰਗੀ ਵਾਦਕਾਂ ਵਿਚ ਉਸਤਾਦ ਨਬੀ ਬਖਸ਼ ਖਾਂ ਉਸਤਾਦ ਨਾਮਲ ਅਲੀ ਅਤੇ ਫਕੀਰ ਸੈਨ ਦੇ ਨਾਂ ਵਿਸ਼ੇਸ਼ ਹਨ। ਸ਼ਾਗਿਰਦਾਂ ਵਿਚ ਲੜਕੇ ਅਮਾਨਤ ਅਲੀ ਕਰਾਮਾਤ ਅਲੀ ਅਤੇ ਬਾਵਰ ਅਲੀ ਦੇ ਨਾਂ ਹਨ ਜਿਹਨਾਂ ਨੇ ਮੌਸੀਕੀ ਵਿਚ ਆਪਣਾ ਨਾਂ ਬਣਾ ਲਿਆ ਹੈ। ਸ਼ਾਗਿਰਦਾਂ ਵਿਚ ਜਾਵੇਦ ਬਸ਼ੀਰ, ਅਕਬਰ ਅਲੀ, ਸ਼ਾਹਬਾਜ ਕਾਦਰੀਆ ਅਤੇ ਇਕ ਲੜਕੀ ਜਿਬਨੁਸਾਂ ਵੀ ਹੈ।

ਸੁਆਲ:- ਕੀ ਪਾਕਿਸਤਾਨ ਵਿਚ ਬਾਬਾ ਹਰਬੱਲਭ ਸੰਗੀਤ ਸੰਮੇਲਨ ਵਰਗੀ ਸੰਸਥਾ ਹੈ?

ਜੁਆਬ:- ਹਾਂ ਹਯਾਤ ਅਹਿਮਦ ਖਾਂ ਕੁਲ ਪਾਕਿਸਤਾਨ ਮਿਊਜ਼ਿਕ ਕਾਨਫਰੰਸ ਨਾਮੀ ਸੰਸਥਾ ਪਿਛਲੇ ਪੰਜਾਹ ਸਾਲਾਂ ਤੋਂ ਕੰਮ ਕਰ ਰਹੀ ਹੈ। ਜਿਸ ਵਿਚ ਪਾਕਿਸਤਾਨ ਅਤੇ ਬਾਹਰ ਦੇ ਕਲਾਕਾਰ ਭਾਗ ਲੈਂਦੇ ਹਨ। ਇਕ ਬਾਂਗੇ ਜਨਾ ਓਪਨ ਏਅਰ ਥੀਏਟਰ ਲਾਹੌਰ ਅਤੇ ਕਰਾਚੀ ਵਿਚ ਹੈ। ਮੁਬਾਰਕ ਅਲੀ ਖਾਂ ਨੂੰ ਹਕੂਮਤੇ ਪਾਕਿਸਤਾਨ ਵੱਲੋਂ "ਪ੍ਰਾਈਡ ਆਫ ਪਾਕਿਸਤਾਨ ਸੰਗੀਤ" ਦਾ ਸਭ ਤੋਂ ਵੱਡਾ ਅਵਾਰਡ ਮਿਲਿਆ ਹੈ। ਪਹਿਲਾਂ ਰੌਸ਼ਨਆਰਾ ਬੇਗਮ ਨੂੰ ਇਹ ਅਵਾਰਡ ਮਿਲਿਆ ਸੀ। ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਅਕੀਦਤ ਪੇਸ਼ ਕਰਨ ਦੀ ਗੱਲ ਕਹੀ ਪਰ ਉਸ ਸਬੰਧੀ ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ। ਦੁਬਾਰਾ ਮਿਲਣ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਲੈਂਦੇ ਇਕ ਦੂਸਰੇ ਦੇ ਬਗਲਗੀਰ ਹੁੰਦੇ ਅਸੀਂ ਵਿਦਾ ਹੋ ਗਏ।

ਗੁਰਮਤਿ ਸੰਗੀਤ ਵਿਦਿਆਲਾ
ਸੰਗਰੂਰ 98882 61767

ਗੁਰਮਤਿ ਸੰਗੀਤ ਦੀਆਂ ਪੁਸਤਕਾਂ ਦੀ ਜਾਣਕਾਰੀ ਲੜੀ ਅਧੀਨ : 3

ਗੁਰਜੰਤ ਸਿੰਘ ਰਾਹੀ

ਸਰਲ ਸੰਗੀਤ ਪ੍ਣਾਲੀ
ਲੇਖਕ: ਸੰਤ ਜੁਗਿੰਦਰ ਸਿੰਘ ਸਰਲ
ਪ੍ਰਕਾਸ਼ਕ: ਉੱਤਮ ਸਿੰਘ ਗੁਰਬਚਨ ਸਿੰਘ ਪੁਸਤਕਾਂ ਵਾਲੇ, ਘੰਟਾ ਘਰ ਮਾਰਕੀਟ, ਅੰਮ੍ਰਿਤਸਰ

ਸੰਤ ਜੁਗਿੰਦਰ ਸਿੰਘ ਸਰਲ ਪੁਰਾਣੇ ਕੀਰਤਨੀਆਂ ਵਿਚੋਂ ਹਨ ਜਿਨ੍ਹਾਂ ਨੇ ਉਸਤਾਦਾਂ ਕੋਲੋਂ ਬਕਾਇਦਾ ਤੌਰ ਤੇ ਗੁਰਮਤਿ ਸੰਗੀਤ ਦੀ ਸਿਖਿਆ ਲਈ ਅਤੇ ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਗੁਰਬਾਣੀ ਕੀਰਤਨ ਦੁਆਰਾ ਸੰਗਤ ਵਿਚ ਵਿਚਰਦੇ ਰਹੇ। ਜਿਸ ਸਦਕਾ ਉਨ੍ਹਾਂ ਨੇ ਸਮਾਜ ਵਿਚ ਆਪਣੀ ਚੰਗੀ ਪਹਿਚਾਣ ਬਣਾ ਲਈ। ਆਪ ਗੁਰੂ ਨਾਨਕ ਕੀਰਤਨ ਮਿਸ਼ਨ 45 ਰੈਨਡੋਲਫ ਰੋਡ ਮਿਡਲੈਕਸ ਇੰਗਲੈਂਡ ਦੇ ਫਾਊਂਡਰ ਹਨ। ਆਪ ਨੇ ਪਹਿਲੀ ਵਾਰ 1979 ਈ ਵਿਚ ਹਰੀ ਕੀਰਤਨ ਸਿੱਖਿਆ ਨਾਮੀ ਪੁਸਤਕ ਛਪਵਾਈ ਜੋ ਕਿ ਗੁਰੂ ਨਾਨਕ ਕੀਰਤਨ ਮਿਸ਼ਨ ਤਰਨ ਤਾਰਨ ਦੀ ਅਗਵਾਈ ਵਿਚ ਪ੍ਰਕਾਸ਼ਿਤ ਕੀਤੀ। ਬਾਅਦ ਵਿਚ 1983 ਈ. ਵਿਚ ਹਰਮੋਨੀਅਮ ਗੁਰਬਾਣੀ ਕੀਰਤਨ ਨਾਮੀ ਪੁਸਤਕ ਛਪਵਾਈ। ਇਹ ਪੁਸਤਕਾਂ ਸਿੱਖਿਆਰਥੀਆਂ ਵਿਚ ਬਹੁਤ ਮਕਬੂਲ ਹੋਈਆਂ। ਇਨ੍ਹਾਂ ਦੋਹਾਂ ਪੁਸਤਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਨੂੰ ਛਪਵਾਉਣ ਦਾ ਕੰਮ ਉੱਤਮ ਸਿੰਘ ਗੁਰਬਚਨ ਸਿੰਘ ਪੁਸਤਕਾਂ ਵਾਲਿਆਂ ਨੂੰ ਦਿੱਤਾ ਜਿਨ੍ਹਾਂ ਨੇ ਸਰਲ ਸੰਗੀਤ ਪ੍ਣਾਲੀ ਨਾਮੀ ਪੁਸਤਕਾਂ ਦੋ ਭਾਗਾਂ ਵਿਚ ਛਾਪ ਕੇ ਪੇਸ਼ ਕੀਤੀਆਂ। ਉਸ ਸਮੇਂ ਇਹ ਪਹਿਲੀ ਪੁਸਤਕ ਸੀ ਜਿਸ ਵਿਚ ਗੁਰਬਾਣੀ ਦੇ ਸ਼ਬਦਾਂ ਨੂੰ ਸਹੀ ਢੰਗ ਨਾਲ ਲਿਪੀ ਬੱਧ ਕੀਤਾ ਗਿਆ ਸੀ। ਕਿਉਂਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਵਾਲੇ ਪੁਸਤਕਾਂ ਵੱਲੋਂ ਛਪੀਆਂ ਪੁਸਤਕਾਂ ਹਰਮੋਨੀਅਮ ਟੀਚਰ ਆਦਿ ਹੀ ਬਜ਼ਾਰ ਵਿਚ ਮਿਲਦੀਆਂ ਸਨ, ਜਿਨ੍ਹਾਂ ਦੀ ਸੁਰ ਲਿਪੀ ਵਿਗਿਆਨਕ ਨਹੀਂ ਸੀ। ਪੁਰਾਣੇ ਢੰਗ ਦੀ ਸੀ ਜਿਸ ਰਾਹੀਂ ਸਿੱਖਣ ਵਾਲੇ 'ਤੇ ਕੁਝ ਪੱਲੇ ਨਹੀਂ ਸੀ ਪੈਂਦਾ॥ ਸੁਰ ਨੂੰ ਕੋਮਲ ਤੀਵਰ ਦੀ ਥਾਂ 'ਤੇ ਉਤਾਰਿਆ ਜਾਂ ਚੜ੍ਹਿਆ ਹੋਇਆ ਲਿਖਿਆ ਹੁੰਦਾ ਸੀ । ਅਜਿਹੇ ਸਮੇਂ ਸੰਤ ਜੁਗਿੰਦਰ ਸਿੰਘ ਸਰਲ ਹੋਰਾਂ ਨੇ ਇਹ ਪੁਸਤਕ ਦੋ ਭਾਗਾਂ ਵਿਚ ਲਿਖ ਕੇ ਬਹੁਤ ਵਧੀਆ ਪਿਰਤ ਪਾਈ ਹੈ, ਜਿਸ ਰਾਹੀਂ ਸਿਖਿਆਰਥੀਆਂ ਨੇ ਲਾਹਾ ਲਿਆ ਹੈ ਅਤੇ ਲੈ ਰਹੇ ਹਨ। ਇਸ ਪੁਸਤਕ ਦੇ ਪੰਜ ਛੇ ਅਡੀਸ਼ਨ ਛਪ ਕੇ ਵਿਕ ਜਾਣੇ ਇਸ ਦੀ ਹਰਮਨ ਪਿਆਰਤਾ ਦਾ ਸਬੂਤ ਹਨ।

ਸੰਤ ਜੁਗਿੰਦਰ ਸਿੰਘ ਸਰਲ ਜੀ ਨੂੰ ਬਤੌਰ ਸੰਗੀਤ ਅਧਿਆਪਕ ਵੀ ਮੁਹਾਰਤ ਹਾਸਲ ਹੈ। ਸ਼ੁਰੂ ਵਿਚ ਕੱਲੇ ਸੁਰ ਉਪਰ ਵਾਹਿਗੁਰੂ ਦੀ ਧੁਨ ਪ੍ਰਚਲਤ ਧਾਰਨਾ ਦੀ ਸੁਰਲਿਪੀ, ਸਲੋਕਾਂ ਦੀਆਂ ਕਹਿਰਵੇ, ਦਾਦਰੇ ਤਾਲ ਵਿਚ ਸਾਦੀਆਂ ਸੁਰ ਲਿਪੀਆਂ ਤੋਂ ਬਾਅਦ ਰਾਗ ਆਸਾ, ਭੈਰੋ, ਅਹੀਰ ਭੈਰੋਂ, ਭੈਰਵੀ, ਮਾਲਕੌਸ, ਆਸਾਵਰੀ, ਰਾਗ ਧਾਨੀ, ਪਟਦੀਪ, ਕਲਿਆਣ, ਬਾਗੇਸਵਰੀ, ਬਿਹਾਗ, ਬਹਾਰ ਅਤੇ ਕੇਦਾਰਾ ਰਾਗਾਂ ਵਿਚ 52 ਸ਼ਬਦਾਂ ਦੀਆਂ ਦਾਦਰਾ, ਕਹਿਰਵਾ, ਤੀਨ ਤਾਲ ਅਤੇ ਝਪ ਤਾਲ ਵਿਚ ਲਿਪੀ ਬੱਧ ਕੀਤੀਆਂ ਗਈਆਂ ਹਨ। ਝਪ ਤਾਲ ਵਿਚ ਰਾਗ ਕਲਿਆਣ ਵਿਚ 'ਨਾਮ ਬਿਨਾਂ ਮਾਟੀ ਸੰਗ ਰਲੀਆ॥' ਬਗੇਸਵਰੀ ਵਿਚ 'ਵਿਸਰ ਗਈ ਸਭ ਤਾਤ ਪਰਾਈ' ਦੋ ਬੰਦਿਸ਼ਾਂ ਹਨ। ਤੀਨ ਤਾਲ ਵਿਚ ਪੁਰਾਣੀਆਂ ਪ੍ਰਚਲਿਤ ਬੰਦਿਸ਼ਾਂ

ਲਿਪੀ ਬੱਧ ਹਨ। ਅਖੀਰ ਤੇ 40 ਰਾਗਾਂ ਦਾ ਵਿਵਰਣ ਦਿੱਤਾ ਹੈ।

ਦੂਸਰੇ ਭਾਗ ਵਿਚ ਸੰਗੀਤ ਅਤੇ ਤਾਲ ਨਿਸ਼ਾਨੀਆਂ ਤੋਂ ਬਾਅਦ ਹਰਮੋਨੀਅਮ ਬਾਰੇ ਜਾਣਕਾਰੀ 10 ਥਾਟਾਂ ਬਾਰੇ ਜਾਣਕਾਰੀ ਤੋਂ ਬਾਅਦ ਬੇਨਤੀ ਦੇ ਸ਼ਬਦ ਸੌਖੀਆਂ 2 ਸੁਰਸੰਗਤੀਆਂ ਵਿਚ ਲਿਪੀ ਬੱਧ ਹਨ ਜੋ ਆਮ ਸਮਝ ਆ ਜਾਂਦੀਆਂ ਹਨ। ਰਾਗ ਭੈਰੋ, ਗੁਣਕਲੀ, ਸ਼ਿਵਰੰਜਨੀ, ਭੈਰਵੀ ਰਾਗਾਂ ਵਿਚ ਸ਼ਬਦਾਂ ਦੀਆਂ ਬੰਦਿਸ਼ਾਂ ਲਿਪੀਬੱਧ ਹਨ। ਅਨੰਦਕਾਰਜ ਦੀ ਵਿਧੀ ਸਿਰਲੇਖ ਹੇਠ ਰਾਗ ਬਹਾਰ ਵਿਚ ਅਨੰਦਕਾਰਜ ਸਮੇਂ ਗਾਏ ਜਾਣ ਵਾਲੇ ਸਾਰੇ ਸ਼ਬਦ ਅਤੇ ਲਾਵਾਂ ਪ੍ਰਚਲਿਤ ਧੁਨੀ ਵਿਚ ਲਿਪੀਬੱਧ ਕੀਤੀਆਂ ਗਈਆਂ ਹਨ। ਅਖੀਰ 'ਤੇ ਅਨੰਦ ਸਾਹਿਬ ਦੀ ਪ੍ਰਚਲਿਤ ਧੁਨੀ ਦੀ ਸੁਰਲਿਪੀ ਦਰਜ ਹੈ। ਇਸ ਵਿਚ ਕਮਾਲ ਦੀ ਗੱਲ ਇਹ ਹੈ ਕਿ ਪ੍ਰਾਚੀਨਤਾ ਨੂੰ ਕਾਇਮ ਰੱਖਿਆ ਹੈ। ਅਨੰਦਕਾਰਜ ਦੀ ਸਾਰੀ ਰਸਮ ਇਕ ਥਾਂ 'ਤੇ ਐਨੇ ਸਰਲ ਤਰੀਕੇ ਨਾਲ ਲਿਪੀਬੱਧ ਕੀਤੀ ਨਹੀਂ ਮਿਲੀ। ਇਸ ਬਾਰੇ ਮੇਰਾ ਸੁਝਾਅ ਹੈ ਕਿ ਇਸ ਪੁਸਤਕ ਦਾ ਲਾਹਾ ਲੈਣਾ ਚਾਹੀਦਾ ਹੈ। ਵਿਸ਼ੇਸ਼ ਕਰਕੇ ਜੋ ਨਵੇਂ ਕੀਰਤਨੀਏ ਹਨ, ਆਮ ਤੌਰ ਤੇ ਵੇਖਣ ਸੁਣਨ ਵਿਚ ਆਇਆ ਹੈ ਕਿ ਵਿਦਿਆਲਿਆਂ ਦੇ ਉਸਤਾਦਾਂ ਵੱਲੋਂ ਪ੍ਰਾਚੀਨ ਧੁਨੀਆਂ ਵਿਚ ਆਪਣੇ ਵੱਲੋਂ ਰਲਾਅ ਕਰਾਵਾ ਕੇ ਸਿਖਾਇਆ ਜਾ ਰਿਹਾ ਹੈ। ਜਿਸ ਨਾਲ ਧੁਨ ਦੀ ਰਵਾਨਗੀ ਅਤੇ ਸੁੰਦਰਤਾ ਕਾਇਮ ਨਹੀਂ ਰਹਿੰਦੀ। ਨਵੇਂ ਸਿਖਿਆਰਥੀਆਂ ਲਈ ਸਰਲ ਸੰਗੀਤ ਪ੍ਣਾਲੀ ਦੇ ਦੋਨੋਂ ਭਾਗ ਲਾਹੇਵੰਦ ਸਾਬਤ ਸਿੱਧ ਹੋ ਸਕਦੇ ਹਨ।

ਗੁਰਮਤਿ ਸੰਗੀਤ ਵਿਦਿਆਲਿਆ ਸੰਗਰੂਰ





MAN - TO - MAN

Indo-Pak relations

T. Narinder Paul Singh

Behendya uthia Panjab to main yaad karaan,
Sutya vee aaway manoo supnna Panjab da.

These are the words of the song sung by my close friend Asa Singh Mastana at the time of partition. I still always dream of my birth place Gujranwala, where I was born and spent my early days. I was 15 years old then, but very well remember those days. How thick were the relations of Hindu/Sikhs and Muslims treating one another as one family.

My father S. Sher Singh Gyaniji of Premier Safe Company was in friendship with a Muslim gentleman Mr. Abdul Wahid Rasik Arfani, who had a very good Engineering mind and was a reputed poet also, whom we called Uncle ji.

The relation was thick like real brothers. They started a joint venture in partnership under the name "Premier Tools & Accessories", manufacturing cycles & motor parts and brass cocks & valves. The business flourished nicely. Abruptly on the eve of partition we were forced to leave Gujranwala (Pakistan). We left with a hope that all will be settled soon and there will be peace once again and we will be back to our birth place. Alas it did not happen. Human beings were separated on religious lines. But the bonds of good relations remained.

My father and his friend kept the bond; our uncle Mr. Abdul Wahid Arfani came to India twice to meet us during his life time. Even on the death of my father he kept relations alive through correspondence and sent his son Mr. Zia Ullah Arfani to meet us all so that this relationship continued in the family. It was now up to the next generation to reciprocate. I also made a programme to visit Pakistan and to make my dream afresh by visiting my birth place Gujranwala, Nankana Sahib birth place of Guru Nanak Dev Sahib and Rori Sahib at Amanabad near Gujranwala.

I along with my wife, elder son Mandhir Paul Singh, who is settled in Australia, were sponsored by Mr. Zia Ullah Arfani and visited Pakistan in 2005. We were received at Lahore Airport and were taken to Gujranwala

by road, where we reached at about 1.00 AM. All the family members were anxiously waiting for us, gave us a very warm welcome. Believe me, we received such a loving warmth from all, which can't be explained through words. They arranged a grand reception for us at a five star hotel where nearly 250 guests were invited including senior citizen of the town, writers and business men. It was a nice reception. Our visit was also given good coverage in the newspaper.

As we had a very short stay in Pakistan withthem, one of the elder member of the family arranged a get together dinner at his residence so thst our families could meet each other to keep the relations going further, started by our elders. Even on streets where ever we went, we were affectionately greeted by the people - most of whom had migrated from India and were anxious to visit India. Every one feels that the individual contant can solve this problem for easy visits of both countries.

KG1/21 Vikas Puri, New Delhi 110 108
Ph.: 011-25590096, 42883948

♦ ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਮਹੀਨੇ ਦੀ 10 ਤਾਰੀਕ ਤਕ ਨਹੀਂ ਮਿਲਦਾ
ਤਾਂ ਸਾਨੂੰ ਖਤ ਲਿਖੋ-ਦੁਬਾਰਾ ਭੇਜ ਦਿਆਂਗੇ।
♦ ਆਪਣੇ ਐਡਰੈਸ ਨਾਲ ਪਿੰਨ ਕੋਡ ਜ਼ਰੂਰ ਲਿਖੋ ਜੀ।

A Fair Deal

Maniki Deep

Sant Singh was a money-lender. He was sharp, astute and quick- witted. In his professional dealings he was clear-headed and forthright. Simultaneously, he enjoyed a bubbling sense of humour and the twinkle in his eye won him many friends. One day, a debtor, Nek Chand, came to him. It was his due time for paying up. He stood humbly and said he did not have the money. Sant Singh checked his books; he had already extended repayment of the loan by fourteen months. This clemency had to stop. 'People take advantage of generosity and become lax', he thought firmly. He would not let this account loosen willy-nilly. Sant Singh sternly admonished him and insisted on final payment. Nek Chand stood with folded hands and sought more time but Sant Singh cut out this wheedling. Nek Chand would have to surrender a collateral.

Before long the deal was made. Nek Chand would either pay up or give Sant Singh his cow in a week's time. At the dining table Sant Singh told his mother, wife and three children that they would soon have a cow in their back garden. His mother and wife were delighted. No more milk from the wily milkman. There would be plenty of rich, pure milk, butter and ghee from their own backyard. The children were excited. They always wanted a pet. A cow would be odd but interesting. They played with all sorts of names – Pyari, Nyari, Motti, Mittho, anglecised Dolly, Daisy and Bluebells. They eventually settled for 'Daisy'. A shed was built by some labourers in the large back garden with a door decorated with painted flowers and 'Daisy's Den' designed on it. Sant Singh's mother and wife laughed as they saw the children rushing to and fro – they bought bells for Daisy's neck and feet and a blanket to keep her warm. There was a lot of excitement and hub-bub in the house.

After one week Sant Singh walked down towards Nek Chand's house. Nek Chand welcomed him in. This was his first visit to his client's house. Nek Chand regretted that he should not have troubled himself to come all the way to take the cow. He was in fact ready and just about to bring the cow to Sant Singh's house. Sant Singh cast a sweeping look at the surroundings. He saw his old parents huddled in a corner sunning themselves, his wife looked weak, sallow and over-burdened. Seven children played in the yard. The house was sparse and bleak. The cow was in a corner. There were pigeons and sparrows pecking at some grains scattered for them. Sant Singh

held his breath, put his arm around Nek Chand's shoulders and walked away out of the house. "Nek Chand", he said, "you can keep the cow and forget the money". Nek Chand was dumb-struck. He choked – speechless. He took a lingering look at Sant Singh and smilingly nodded his head, tears glistening in his eyes. Sant Singh returned home. His family waited with shining eyes. "Where's the cow, our cow", they exclaimed. The children came running, clinging about his legs. "Where's Daisy?" Sant Singh's eyes twinkled as he hugged them.

"First", he said, "I'll tell you a story about Guru Nanak". He sat on the dewan'mid sunshine and shade, and gathered his children warmly and lovingly around him. "One day, when Guru Nanak was young, his parents gave him some money to go to the market and buy some articles which could be resold at a profit. On the way Guru Nanak came across a group of priests (sadhus) who had not eaten for some days. 'There can be no better and more profitable a bargain than that of feeding such hungry devotees of God', he thought. He bought food from the market and distributed it amongst them. He then returned home satisfied. Guru Nanak's father was furious at this crass waste of money and beat him. Guru Nanak bore the beating but in his heart he knew that he had struck a fair bargain."

Then Sant Singh told his family of Nek Chand's plight. If he had claimed the cow, he would have deprived that poor family of eleven of basic, good, wholesome nourishment, whereas he, Sant Singh had a small family and sufficient financial resources to lead a contented life. Bowing to the memory of Guru Nanak, he absolved Nek Chand of all financial borrowings and set him free.

He urged his children to treasure in their hearts the story of Guru Nanak's "Sachha Sauda" or "Fair Deal", of Guru Nanak's love, wisdom and grace in caring for those in need.

2122, Sector: 15-C, Chandigarh

From IV	Statement of Ownership (See Rule 8)
Place of Publication	422, Sector 15-A, Chandigarh
Periodicity of Publication	Monthly
Editor, Printer & Publisher's Name	Dr. Jagir Singh
Nationality	Indian
Owner of Newspaper	President, Amrit Kirtan Trust

I, Dr. Jagir Singh, hereby declare that the particulars given above are true to the best of my knowledge and belief.

sd/-

Date: March 1, 2008

Dr. Jagir Singh, Publisher

Holy Congregration

Satjit Wadva

Guru Nanak the singer sang
He sang day and night
He sang in all seasons
He sang on all occasions.

He sang and Mardana played the rabaab
He sang and people flocked around
Men, women, children, animals and birds
Listened to Him spellbound.

He sang of matters down-to-earth
And he sang of profound truths
He explained the mysterious and the sublime
Giving symbols familiar and known.

Singing, he led them through
The various phases of life
Singing, he revealed to them
The mysteries of life and death.

Guru Nanak's home is where
There is only the sound of kirtan
Kirtan is the melodious rendering
Of all the songs that Guru Nanak sang.

Guru Nanak's path is strewn with song
The divine abode, he says, is where
Myriads of instruments are playing
Where the air, water and fire are singing
Where the gods and goddesses are singing
Where the suns and stars are singing.

Where the forests and mountains are singing
Where the birds and insects are singing
Nanak says he cannot name all the singers
To him the song and the singer are one
And singing is the way to dissolve in him.

Courtesy "The Singer Divine"
14, Hemkunt Colony, New Delhi, Ph. 011-4163095

ਸੁਰ ਲਿਪੀ

ਹਰਦੀਪ ਕੌਰ

ਰਾਗੁ ਮਾਲੀ ਗਉੜਾ

ਮਾਰਵਾ ਥਾਟ ਦਾ ਸ੍ਰੀ ਅਤੇ ਪੂਰੀਆ ਦੇ ਮੇਲ ਤੋਂ ਬਣਿਆ ਇਹ ਇਕ ਕਠਿਨ ਰਾਗ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ 20ਵੇਂ ਰਾਗ ਵਜੋਂ ਅੰਕਿਤ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ, ਦੋ ਧੈਵਤ ਅਤੇ ਬਾਕੀ ਸ਼ੁੱਧ ਸੁਰ ਲੱਗਦੇ ਹਨ। ਜਾਤੀ ਸੰਪੂਰਣ-ਸੰਪੂਰਣ ਹੈ। ਸ਼ੁਧ ਧੈਵਤ ਪੂਰੀਆ ਦਾ ਅਤੇ ਕੋਮਲ ਧੈਵਤ ਸਿਰੀ ਰਾਗ ਦਾ ਪਰਿਚਾਇਕ ਹੈ। 'ਸ-ਪ' ਅਤੇ 'ਰੁ ਪ' ਸੁਰਾਵਲੀਆਂ ਵੀ ਸਿਰੀ ਅੰਗ ਦੀ ਪਹਿਚਾਣ ਕਰਾਉਂਦੀਆਂ ਹਨ। ਵਾਦੀ ਸੁਰ ਕੋਮਲ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦਾ ਵਿਸਥਾਰ ਮੰਦਰ ਅਤੇ ਮੱਧ ਸਪਤਕ ਵਿਚ ਕੀਤਾ ਜਾਂਦਾ ਹੈ ਅਤੇ ਤਾਨਾਂ ਦਾ ਪ੍ਰਯੋਗ ਨਾ ਕਰਨਾ ਹੀ ਯੋਗ ਹੈ।

ਥਾਟ : ਮਾਰਵਾ ('ਰੁ' ਕੋਮਲ, ਦੋਨੋਂ 'ਧ' ਅਤੇ 'ਮ' ਤੀਵਰ)

ਜਾਤੀ : ਸੰਪੂਰਣ-ਸੰਪੂਰਣ   **ਸਮਾਂ :** ਦਿਨ ਦਾ ਚੌਥਾ ਪਹਿਰ

ਵਾਦੀ : ਰੁ **ਸੰਵਾਦੀ :** ਪ   **ਆਰੋਹ :** ਸ ਨ਼ਰੁਗ, ਮ̍ਧੁ ਪ, ਮ̍ਧ ਸਂ, ਨਰੁਂਸਂ।   **ਅਵਰੋਹ :** ਸਂ, ਨਰੁਂਨਧੁਪ, ਮਧ, ਮਗ ਮਗ ਰੁ ਸ।

ਮੁੱਖ ਅੰਗ : ਸ ਨ਼ਰੁਸ, ਸ ਪ ਮ̍ਧ ਮ̍ਗ ਮ̍ਗ ਰੁ ਗ ਪ, ਮ̍ ਧੁ, ਪ, ਸਂ ਨ ਧ ਮ̍ ਗ, ਰ ਸ।

ਤਿੰਨ ਤਾਲ

1	2	3	4	5	6	7	8	9	10	11	12	13	14	15	16
X				2				0				3			
ਸਥਾਈ				-	ਸ	ਪ	ਪ	ਮ̍	ਧੁ	ਪ	ਪ	ਮ̍	ਧ	ਮ̍	ਗ
				-	ਮਨਿ	ਤ	ਨਿ	ਬ	ਸਿ	ऽ	ਰ	ਹੇ	ऽ	ऽ	ਗੋ
				-	S	P	P	M̍	D̲	P	P	M̍	D	M̍	G
				-	MAN	TA	N	BA	S	-	RA	HAY	-	-	GO
ਰੁ	ਰੁ	ਸ	-	-	ਰੁ	ਪ	ਪ	ਮ̍	ਧੁ	ਪ	ਪ	ਮ̍	ਧ	ਮ̍	ਗ
ਪਾ	ऽ	ਲ	ऽ	ऽ	ਦੀ	ऽ	ਨ	ਬਾਂ	ऽ	ਧ	ਵ	ਭ	ऽ	ਗ	ਤਿ
R̲	R̲	S	-	-	R̲	P	P	M̍	D̲	P	P	M̍	D	M̍	G
PAA	-	L	-	-	DEE	-	N	BAA	-	DHA	V	BHA	-	GA	T
ਰੁ	ਰੁ	ਸ	ਸ	-	ਪ	ਪ	ਪ	ਮ̍	ਧੁ	ਪ	ਪ	ਮ̍	ਧ	ਮ̍	ਗ
ਵ	ऽ	ਛ	ਲ	ऽ	ਸ	ਦਾ	ਸ	ਦਾ	ऽ	ਕਿ	ਰ	ਪਾ	ऽ	ऽ	ऽ
R̲	R̲	S	S	-	P	P	P	M̍	D̲	P	P	M̍	D	M̍	G
VA	-	CHHAL		-	SA	DAA	S	DAA	-	KI	R	PAA	-	-	-
ਰੁ	ਰੁ	ਸ	-	-											
ਲ	ऽ	ऽ	ऽ	ऽ											
R̲	R̲	S	-	-											
L	-	-	-	-											

ਅੰਤਰਾ															
				-	ਪ	ਪ	ਪ	ਮੰ	ਗ	ਮੰ	ਧ	ਸਂ	-	ਸਂ	-
				-	ਆ	ऽ	ਦਿ	ਅੰ	ऽ	ਤੇ	ऽ	ਮ	ऽ	ਧਿ	ऽ
				-	P	P	P	Ṁ	G	M	D	Ṡ	-	Ṡ	-
				-	AA	-	D	AN	-	TAY	-	MA	-	DH	-
ਨ	ਰੁਂ	ਸਂ	-	-	ਨ	ਰੁਂ	ਰੁਂ	ਗਂ	ਰੁਂ	ਸਂ	-	ਨ	ਰੁਂਨ	ਧੁ	ਪ
ਤੂ	ऽ	ਹੈ	ऽ	ऽ	ਪ੍ਰ	ਭ	ਬਿ	ਨਾ	ऽ	ਨਾ	ਹੀ	ਕੋ	ऽऽ	ऽ	ऽ
N	Ṛ	Ṡ	-	-	N	Ṛ	Ṛ	Ġ	Ṛ	Ṡ	-	N	ṘN	D	P
TOO	-	HAI	-	-	PARA	BH	BI	NAA	-	NAA	HEE	KO	--	-	-
ਮੰ	ਧੁ	ਪ	-	-											
ਇ	ऽ	ऽ	ऽ	ऽ											
Ṁ	D	P	--	-											
AY	-	-	-	-											

ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਾਲੀ ਗਉੜੀ ਮਹਲਾ ੫।

ਮਨਿ ਤਨਿ ਬਸਿ ਰਹੇ ਗੋਪਾਲ॥ ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ॥੧॥ ਰਹਾਉ॥	The Lord of the World abides in my mind and body. Friends of the meek, Lover of His devotees, forever and ever merciful. ||1|| Pause||	ਹੇ ਸ੍ਰਿਸ਼ਟੀ ਦੇ ਪਾਲਕ! ਗਰੀਬਾਂ ਦੇ ਸਹਾਈ! ਹੇ ਭਗਤੀ ਨਾਲ ਪਿਆਰ ਕਰਨ ਵਾਲੇ! ਹੇ ਸਦਾ ਹੀ ਕਿਰਪਾਲ! ਤੁਸੀਂ ਹੀ ਮੇਰੇ ਮਨ ਵਿਚ ਵੱਸ ਰਹੇ ਹੋ। ੧॥ ਰਹਾਉ॥
ਆਦਿ ਅੰਤੇ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ॥ ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ॥੧॥	In the beginning, in the end and in the middle, You alone exist, God; there is none other than You. He is totally permeating and pervading all worlds; He is the One-and-only Lord and Master.||1||	ਹੇ ਪ੍ਰਭੂ! (ਜਗਤ-ਰਚਨਾ ਦੇ) ਸ਼ੁਰੂ ਵਿਚ ਤੂੰ ਹੀ ਸੀ, (ਜਗਤ ਦੇ) ਅੰਤ ਵਿਚ ਤੂੰ ਹੀ ਹੋਵੇਂਗਾ, ਹੁਣ ਵੀ ਤੂੰ ਹੀ ਹੈਂ (ਸਦਾ ਕਾਇਮ ਰਹਿਣ ਵਾਲਾ) । ਹੇ ਭਾਈ! ਪ੍ਰਭੂ ਤੋਂ ਬਿਨਾਂ ਹੋਰ ਕੋਈ (ਸਦਾ ਕਾਇਮ ਰਹਿਣ ਵਾਲਾ) ਨਹੀਂ। ਹੇ ਭਾਈ! ਇਕ ਮਾਲਕ-ਪ੍ਰਭੂ ਹੀ ਸਾਰੇ ਭਵਨਾਂ ਵਿਚ ਵਿਆਪਕ ਹੈ। ੧।
ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ॥ ਬਲਿਹਾਰਿ ਜਾਏ ਸਦਾ ਨਾਨਕੁ ਦੇਹੁ ਅਪਣਾ ਨਾਉ॥੨॥੩॥੮॥੬॥੧੪॥	With my ears I hear God's Praises, and with my eyes I behold the Blessed Vision of His Darshan; with my tongue I sing the Lord's Glorious Praises. Nanak is forever a sacrifice to You; please, bless me with Your Name. ||2||3||8||6||14||	(ਹੇ ਭਾਈ) ਮੈਂ ਕੰਨ ਨਾਲ ਹਰੀ ਦੀ ਸਿਫ਼ਤਿ ਸਾਲਾਹ (ਸੁਣਦਾ ਹਾਂ), ਅੱਖਾਂ ਨਾਲ ਹਰੀ ਦਾ ਦਰਸ਼ਨ (ਕਰਦਾ ਹਾਂ) ਜੀਭ ਨਾਲ ਹਰੀ ਦੇ ਗੁਣ ਗਾਂਦਾ ਹਾਂ। (ਹੇ ਭਾਈ! ਪ੍ਰਭੂ ਦਾ ਦਾਸ) ਨਾਨਕ ਸਦਾ ਉਸ ਤੋਂ ਕੁਰਬਾਨ ਜਾਂਦਾ ਹੈ (ਤੇ ਉਸ ਦੇ ਦਰ ਤੇ ਅਰਦਾਸ ਕਰਦਾ ਹੈ-ਹੇ ਪ੍ਰਭੂ!) ਮੈਨੂੰ ਆਪਣਾ ਨਾਮ ਬਖ਼ਸ਼ ੨ ੩ ੮ ੬ ੧੪।


ਸੰਗੀਤ ਲਿਪੀ ਚਿੰਨ੍ਹ

ਪ	ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ।
ਧੁ	ਜਿਨ੍ਹਾਂ ਸੁਰਾਂ ਹੇਠਾਂ ਛੋਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ।
ਮੰ	ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ।
ਪ਼/ਧ਼	ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ।
ਸੰ/ਪੰ	ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ।
ਪ –	ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ।
ਬਾਂS	ਜਿਸ ਅੱਖਰ ਅੱਗੇ ਜਿੰਨੇ S ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ।
ਧੰਪ	ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ।
ਮ ਪ	ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ।

X O 1 2 3   X ਸਮ,   0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।

ਮੰਦਰ ਸਪਤਕ | ਮੱਧ ਸਪਤਕ | ਤਾਰ ਸਪਤਕ

ਰੇ਼ ਗ਼ ਮੰ਼ ਧ਼ ਨੀ਼ | ਰੇ ਗ ਮੰ ਧ ਨੀ | ਰੇਂ ਗੰ ਮੰ ਧੰ ਨੀਂ | ਰੇਂ



ਸ਼ ਰੇ਼ ਗ਼ ਮ਼ ਪ਼ ਧ਼ ਨੀ਼ | ਸ ਰੇ ਗ ਮ ਪ ਧ ਨੀ | ਸੰ ਰੇਂ ਗੰ ਮੰ ਪੰ ਧੰ ਨੀਂ | ਸੰ

ਨੀਚੀ ਆਵਾਜ਼ | ਦਰਮਿਆਨੀ ਆਵਾਜ਼ | ਉਚੀ ਆਵਾਜ਼

"ਇਹੋ ਜਿਹੇ ਬੱਚੇ ਹੀ ਸਿੱਖ ਕੌਮ ਦੀ ਸ਼ਾਨ ਹਨ"

[illegible] is telling to the ...... Gurbani Class

[illegible] [illegible]ਹਾਨੂੰ ਇਕ ਐਸੇ ਬੱਚੇ ਦੀ ਗੱਲ ਸੁਣਾ ਰਹੀ ਹਾਂ ਜੋ ਦੋ ਹਜ਼ਾਰ ਪੰਜ ਸੌ [illegible] ਦੇ ਸਕੂਲ ਵਿਚ ਇਕੱਲਾ ਹੀ ਸਿੱਖ ਬੱਚਾ ਸੀ। ਉਸ ਦੀ ਉਮਰ 12 ਸਾਲ [illegible] ਅਤੇ ਉਹ ਸੱਤਵੀਂ ਜਮਾਤ (ਅੰਗਰੇਜ਼ੀ ਮੀਡੀਅਮ) ਵਿਚ ਪੜ੍ਹਦਾ ਸੀ, [illegible] ਵਿਚ ਬਹੁਤ ਹੁਸ਼ਿਆਰ ਸੀ।

[illegible] ਦੇ ਬਾਵਜੂਦ ਉਹ ਹਰ ਰੋਜ਼ ਸਿਰ ਤੇ ਦਸਤਾਰ ਬੰਨ੍ਹ ਕੇ ਸਕੂਲ ਜਾਂਦਾ ਸੀ। ਉਸਦੇ ਚਿਹਰੇ ਤੇ ਇਕ ਅਜੀਬ ਜਿਹਾ ਨੂਰ ਹੁੰਦਾ ਸੀ ਜਿਸ ਕਰਕੇ ਸਭ ਨੂੰ ਬਹੁਤ ਪਿਆਰਾ ਲੱਗਦਾ ਸੀ। ਇਕ ਵਾਰੀ ਉਸਦੇ ਸਕੂਲ ਵਿਚ Austria ਮੁਲਕ ਦੀ ਇਕ ਟੀਮ ਆਈ ਜੋ ਸਕੂਲ ਦੀ ਪੜ੍ਹਾਈ ਲਿਖਾਈ ਅਤੇ ਹੋਰ ਐਕਟੀਵਿਟੀਜ਼ ਦੇ ਬਾਰੇ Documentary Film ਬਣਾਉਣਾ ਚਾਹੁੰਦਾ ਸੀ।

ਬੱਚੇ ਦੀ Intelligence ਤੇ ਸੋਹਣੀ ਦਸਤਾਰ ਨੇ ਟੀਮ ਨੂੰ ਬਹੁਤ ਪ੍ਰਭਾਵਿਤ ਕੀਤਾ। ਬੱਚਾ Documentary Film ਲਈ ਚੁਣ ਲਿਆ ਗਿਆ।

ਸਾਇੰਸ, ਮੈਥਸ ਅਤੇ ਜਨਰਲ ਨੌਲੇਜ ਦੇ ਬਹੁਤ ਸਾਰੇ ਸਵਾਲ ਬੱਚੇ ਨੂੰ ਪੁੱਛੇ। ਕੁਝ ਸਵਾਲ ਸਿੱਖ ਧਰਮ ਦੇ ਬਾਰੇ ਵੀ ਪੁੱਛੇ।

ਸਾਰੇ ਸਵਾਲ ਟੇਪ ਕੀਤੇ ਗਏ ਤੇ ਬਹੁਤ ਸਾਰੇ ਫੋਟੋਗ੍ਰਾਫਸ ਲਏ ਗਏ। ਅਖੀਰ ਵਿਚ ਟੀਮ ਦੇ ਇਕ ਬਹੁਤ ਵਿਦਵਾਨ ਵਿਅਕਤੀ ਨੇ ਬੱਚੇ ਨੂੰ ਪੁਛਿਆ

ਕਾਕਾ ਜੀ "ਤੁਹਾਨੂੰ ਸਭ ਤੋਂ ਵੱਧ ਖੁਸ਼ੀ ਕਦੋਂ ਹੁੰਦੀ ਹੈ?"

ਬੱਚੇ ਨੇ ਬੜੀ ਦ੍ਰਿੜਤਾ ਨਾਲ ਜਵਾਬ ਦਿੱਤਾ "ਜਦੋਂ ਮੇਰੀ ਦਸਤਾਰ ਸੋਹਣੀ ਬੱਝਦੀ ਹੈ, ਉਦੋਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ।"

ਇਸ ਗੱਲ ਨੂੰ ਅੱਜ 18 ਸਾਲ ਗੁਜ਼ਰ ਚੁੱਕੇ ਹਨ। ਅੱਜ ਵੀ ਉਸ ਨੌਜਵਾਨ ਨੂੰ ਇਹ ਸਵਾਲ ਪੁੱਛੋ ਤਾਂ ਉਸਦਾ ਜਵਾਬ ਤੁਹਾਨੂੰ ਉਹ ਹੀ ਮਿਲੇਗਾ।

ਸਤਿਨਾਮ ਕੌਰ, ਗੁਰਬਾਣੀ ਕਲਾਸ, ਮੁੰਬਈ
098197 93357

01722693084   9815346602

Post... (0045)2006 RNI Regd. No. 46788/89   ISSN 0972-2335